Farecracker.com
Specially Negotiated Fares

30% DISCOUNT

# FLY CHEAPER!!!

## AIR CANADA
ਦੀਆਂ ਸਸਤੀਆਂ ਟਿਕਟਾਂ

-Non-stop flights to New Delhi
-Round trips




**Special Family Airfares Call us Anytime!**

Please call us up and get a no obligatory Airfare Quote on our Business

*What's App no.*
**(732) 716-3555**

*or Call us on*
**(516) 207 1427**

*Local Canadian no.*
**(647) 794-1775**

*or Email us at*
**farecracker@gmail.com**

• India • Nepal • Srilanka
• Bangladesh • Pakistan
• Dubai • Abu Dhabi
• Riyadh • Europe • Bangkok
• Singapore • Kuala Lumpur
• Bali • Australia

ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ ਟਿਕਟਾਂ ਤੇ ਭਾਰੀ ਛੋਟ ਲਈ *Online* ਚੈੱਕ ਕਰੋ:
*Farecracker.com*

SPECIAL DEAL
- Air Canada Non-Stop Flights from Toronto to Delhi starting at $1023
- ਏਅਰ ਕੈਨੇਡਾ ਦੀ ਨਾਨ-ਸਟਾਪ ਟਰਾਂਟੋ ਤੋ ਅੰਮ੍ਰਿਤਸਰ ਟਿਕਟਾਂ $1023 ਤੋਂ ਸ਼ੁਰੂ




Lufthansa
AIR CANADA
QATAR AIRWAYS القطرية
American Airlines
SWISS
Alitalia
asta American Society of Travel Advisors

## ਅੱਜ ਨਾਮਾ

ਸਨੀ ਦਿਓਲ ਨੂੰ ਸਾਹਮਣੇ ਵੇਖ ਆਇਆ,
ਪਾਗਲ ਹੋ ਗਏ ਕਈ ਜਾਪਦੇ ਲੋਕ ਬੇਲੀ।
ਨੌਜਵਾਨ ਜਾਂ ਨਿਕਲ ਪਏ ਝਲਕ ਵੇਖਣ,
ਸਕਦੇ ਮਾਈ ਤੇ ਬਾਪ ਨਹੀਂ ਰੋਕ ਬੇਲੀ।
ਸਿਨਮੇ ਵਾਲਿਆਂ ਸਨੀ ਦੀ ਫਿਲਮ ਲਾਈ,
ਕਰਦੇ ਫਿਰਨ ਕਮਾਈਆਂ ਵੀ ਥੋਕ ਬੇਲੀ।
ਜਾ ਕੇ ਕੀਤੀ ਸ਼ਿਕਾਇਤ ਵਿਰੋਧੀਆਂ ਨੇ,
ਦਿੱਤਾ ਜ਼ਾਬਤਾ ਗਿਆ ਫਿਰ ਠੋਕ ਬੇਲੀ।
ਅਫਸਰ ਨਾਲੇ ਵਿਰੋਧੀ ਹਨ ਖੁਸ਼ੀ ਖੀਵੇ,
ਸਖਤੀ ਅਸਾਂ ਕਰਵਾਈ ਜਾਂ ਕਰੀ ਬੇਲੀ।
ਕੌਣ ਜਾਣਦਾ ਕਿ ਉਹਦੀ ਫਿਲਮ ਵਾਲੀ,
ਸੀ ਡੀ ਪੁੱਜ ਗਈ ਹੈ ਘਰੋ-ਘਰੀ ਬੇਲੀ।

ਤੀਸ ਮਾਰ ਖਾਂ

# ਰੂਸ ਵਿੱਚ ਐਮਰਜੈਂਸੀ ਲੈਂਡਿੰਗ ਸਮੇਂ ਜਹਾਜ਼ ਨੂੰ ਲੱਗੀ ਅੱਗ, 40 ਹਲਾਕ

ਮਾਸਕੋ, 5 ਮਈ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਮਾਸਕੋ ਦੇ ਸ਼ੇਰੇਮੇਤਯੇਵੋ ਏਅਰਪੋਰਟ ਉੱਤੇ ਐਮਰਜੰਸੀ ਲੈਂਡਿੰਗ ਕਰਦੇ ਸਮੇਂ ਰੂਸ ਦਾ ਜਹਾਜ਼ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ ਤੇ ਇਸ ਦੌਰਾਨ 40 ਵਿਅਕਤੀ ਮਾਰੇ ਗਏ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਨੈਸ਼ਨਲ ਏਅਰਲਾਈਨ ਐਰੋਫਲੋਟ ਵੱਲੋਂ ਆਪਰੇਟ ਕੀਤੇ ਜਾਣ ਵਾਲੇ ਸੁਖੋਈ ਐਸਐਸਜੇ 100 ਵਿੱਚ 73 ਯਾਤਰੀ ਤੇ ਅਮਲੇ ਦੇ ਪੰਜ ਮੈਂਬਰ ਸਵਾਰ ਸਨ। ਜਦੋਂ ਇਹ ਜਹਾਜ਼ ਰਨਵੇਅ ਉੱਤੇ ਜ਼ਮੀਨ ਨਾਲ ਟਕਰਾਇਆ ਤਾਂ ਅੱਗ ਦੀਆਂ ਲਪਟਾਂ ਤੇ ਕਾਲੇ ਧੂੰਏਂ ਵਿੱਚ ਘਿਰ ਗਿਆ। ਰੂਸ ਦੀ ਜਾਂਚ ਕਮੇਟੀ ਦੀ ਤਰਜ਼ਮਾਨ ਐਲੇਨਾ ਮਾਰਕੋਵਸਕਾਇਆ ਨੇ ਦੱਸਿਆ ਕਿ ਸੋਮਵਾਰ ਨੂੰ ਇਸ ਹਾਦਸੇ ਵਿੱਚ 41 ਲੋਕ ਮਾਰੇ ਗਏ। ਪਰ ਸਿਹਤ ਮੰਤਰੀ ਵੈਰੋਨਿਕਾ ਸਕਵੋਰਤਸੋਵਾ ਨੇ ਆਖਿਆ ਕਿ ਇਸ ਹਾਦਸੇ ਵਿੱਚ 38 ਲੋਕ ਜਿਊਂਦੇ ਬਚ ਗਏ ਜਦਕਿ 40 ਮਾਰੇ ਗਏ।

ਜਾਂਚ ਕਮੇਟੀ ਅਨੁਸਾਰ ਮ੍ਰਿਤਕਾਂ ਵਿੱਚ ਅਮਲੇ ਦਾ ਇੱਕ ਮੈਂਬਰ ਤੇ ਦੋ ਟੀਨੇਜਰਜ਼ ਵੀ ਸ਼ਾਮਲ



ਸਨ। ਇਸ ਘਟਨਾ ਦੀ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਕੁੱਝ ਯਾਤਰੀ ਜਹਾਜ਼ ਦੀਆਂ ਇਵੈਕਿਊਏਸ਼ਨ ਸਲਾਈਡਜ਼ ਤੋਂ ਘਬਰਾਏ ਹੋਏ ਹੇਠਾਂ ਉਤਰ ਰਹੇ ਹਨ ਤੇ ਕਈਆਂ ਕੋਲ ਤਾਂ ਸਮਾਨ ਵੀ ਹੈ। ਏਅਰਪੋਰਟ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਸ ਜਹਾਜ਼ ਨੇ ਸ਼ੇਰੇਮੇਤਯੇਵੋ ਏਅਰਪੋਰਟ ਤੋਂ ਮੁਰਮਾਂਸਕ ਦੇ ਉੱਤਰੀ ਸ਼ਹਿਰ ਜਾਣ ਲਈ ਉਡਾਨ ਭਰੀ ਸੀ ਪਰ ਕੁੱਝ ਤਕਨੀਕੀ ਕਾਰਨਾਂ ਕਰਕੇ ਪਰਤ ਆਇਆ ਤੇ ਮੁਸ਼ਕਲ ਨਾਲ ਕੀਤੀ ਗਈ ਲੈਂਡਿੰਗ ਕਾਰਨ ਇਸ ਵਿੱਚ ਅੱਗ ਲੱ ਗ ਗਈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com


# ਯੂਐਸਐਮਸੀਏ ਨੂੰ ਪ੍ਰਵਾਨਗੀ ਦੇਣ ਵਿੱਚ ਜਾਣਬੁੱਝ ਕੇ ਟਰੰਪ ਨੇ ਸਮਾਂ ਗੰਵਾਇਆ : ਹੇਅਮਨ

ਓਟਵਾ, 5 ਮਈ (ਪੋਸਟ ਬਿਊਰੋ) : ਕੈਨੇਡਾ ਵਿੱਚ ਅਮਰੀਕਾ ਦੇ ਸਾਬਕਾ ਸਫੀਰ ਰਹੇ ਬਰੂਸ ਹੇਅਮਨ ਦਾ ਕਹਿਣਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਨਾਫਟਾ ਡੀਲ ਦੇ ਨਵੇਂ ਰੂਪ ਨੂੰ ਪ੍ਰਵਾਨਗੀ ਦਿੱਤੇ ਜਾਣ ਵਿੱਚ ਜਾਣਬੁੱਝ ਕੇ ਸਮਾਂ ਗੰਵਾਇਆ ਜਾ ਰਿਹਾ ਹੈ। ਉਹ ਨਹੀਂ ਚਾਹੁੰਦੇ ਕਿ ਇਹ ਡੀਲ ਅਮਲ ਵਿੱਚ ਲਿਆਂਦੀ ਜਾ ਸਕੇ।

ਇੱਕ ਇੰਟਰਵਿਊ ਵਿੱਚ ਹੇਅਮਨ ਨੇ ਆਖਿਆ ਕਿ ਇਹ ਡੀਲ ਆਪਣੇ ਮੌਜੂਦਾ ਰੂਪ ਵਿੱਚ ਖ਼ਤਮ ਹੋ ਚੁੱਕੀ ਹੈ। 14 ਮਹੀਨਿਆਂ ਦੀ ਗੱਲਬਾਤ ਤੋਂ ਬਾਅਦ ਇਸ ਤਿੱਖੀ ਟਰੇਡ ਡੀਲ ਬਾਰੇ ਗੱਲਬਾਤ ਸਿਰੇ ਚੜ੍ਹੀ ਸੀ ਤੇ ਕੁੱਝ ਸਮੇਂ ਬਾਅਦ ਹੀ ਇਸ ਉੱਤੇ ਦਸਤਖ਼ਤ ਵੀ ਕਰ ਦਿੱਤੇ ਗਏ। ਇਸ ਡੀਲ ਨੂੰ ਯੂਨਾਈਟਿਡ ਸਟੇਟਸ-ਮੈਕਸਿਕੋ-ਕੈਨੇਡਾ ਸਮਝੌਤੇ ਦਾ ਨਾਂ ਦਿੱਤਾ ਗਿਆ।

ਇਸ ਡੀਲ ਨੂੰ ਤਿੰਨਾਂ ਮੁਲਕਾਂ ਵੱਲੋਂ ਆਪਣੀ ਜਿੱਤ ਦੱਸਿਆ ਗਿਆ। ਪਰ ਸਾਈਨ ਕੀਤੇ ਜਾਣ ਦੇ ਬਾਵਜੂਦ ਅਜੇ ਵੀ ਇਸ ਡੀਲ ਨੂੰ ਪ੍ਰਵਾਨਗੀ ਦਿੱਤੇ ਜਾਣ ਉੱਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਜਦੋਂ ਤੱਕ ਇਸ ਡੀਲ ਨੂੰ ਪ੍ਰਵਾਨਗੀ ਨਹੀਂ ਮਿਲਦੀ ਉਦੋਂ ਤੱਕ ਮੌਜੂਦਾ ਨਾਫਟਾ ਸਮਝੌਤਾ ਹੀ ਲਾਗੂ ਰਹੇਗਾ। ਇਸ ਸਮੇਂ ਜਿਹੋ ਜਿਹੇ ਹਾਲਾਤ ਹਨ ਤਾਂ ਅਗਲੇ ਛੇ ਹਫਤਿਆਂ ਵਿੱਚ ਨੌਰਥ ਅਮੈਰਿਕਾ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਦੇ ਮੱਦੇਨਜ਼ਰ ਇਸ ਡੀਲ ਨੂੰ ਪ੍ਰਵਾਨਗੀ ਹਾਸਲ ਹੋਣ ਦੀ ਸੰਭਾਵਨਾ ਨਾਂਹ ਬਰਾਬਰ ਹੈ। ਕੈਨੇਡਾ ਵਿੱਚ



ਅਕਤੂਬਰ ਵਿੱਚ ਹੋਣ ਜਾ ਰਹੀਆਂ ਚੋਣਾਂ ਦੇ ਮੱਦੇਨਜ਼ਰ ਅਗਲੇ ਛੇ ਹਫਤਿਆਂ ਵਿੱਚ ਪਾਰਲੀਆਮੈਂਟ ਉਠਾ ਦਿੱਤਾ ਜਾਵੇਗਾ।

ਦੂਜੇ ਪਾਸੇ ਅਮਰੀਕਾ ਵਿੱਚ ਜਿਹੜਾ ਅੜਿਕਾ ਆ ਰਿਹਾ ਹੈ ਉਹ ਇਹ ਹੈ ਕਿ ਡੈਮੋਕ੍ਰੈਟਸ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਬਿਨਾਂ ਤਬਦੀਲੀ ਦੇ ਉਹ ਇਸ ਡੀਲ ਦੇ ਪੱਖ ਵਿੱਚ ਵੋਟ ਨਹੀਂ ਕਰਨਗੇ ਤੇ ਜਦੋਂ ਤੱਕ ਮੈਕਸਿਕੋ ਆਪਣੇ ਲੇਬਰ ਲਾਅ ਨਹੀਂ ਬਦਲ ਲੈਂਦਾ ਉਦੋਂ ਤੱਕ ਉਹ ਕਾਂਗਰਸ ਵਿੱਚ ਵੋਟ ਨਹੀਂ ਹੋਣ ਦੇਣਗੇ। ਇਨ੍ਹਾਂ ਨੁਕਤਿਆਂ ਤੋਂ ਬਿਨਾਂ ਕੈਨੇਡਾ ਵੀ ਉਦੋਂ ਤੱਕ ਆਪਣਾ ਰੁਖ ਨਰਮ ਕਰਨ ਦਾ ਕੋਈ ਇਰਾਦਾ ਨਹੀਂ ਰੱਖਦਾ ਜਦੋਂ ਤੱਕ ਅਮਰੀਕਾ ਵੱਲੋਂ ਲਾਏ ਗਏ ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਦਾ ਕੁੱਝ ਨਹੀਂ ਕੀਤਾ ਜਾਂਦਾ।

ਹੇਅਮਨ ਨੇ ਆਖਿਆ ਕਿ ਇੱਕ ਗੱਲ ਸਪਸ਼ਟ ਹੈ ਕਿ ਯੂਨਾਈਟਿਡ ਸਟੇਟਸ ਟਰੇਡ ਰਿਪ੍ਰਜ਼ੈਂਟੇਟਿਵ ਤੇ ਡੌਨਲਡ ਟਰੰਪ ਨੇ ਪਹਿਲੇ ਦਿਨ ਤੋਂ ਹੀ ਇਸ ਡੀਲ ਨੂੰ ਸਹੀ ਢੰਗ ਨਾਲ ਹੈਂਡਲ ਨਹੀਂ ਕੀਤਾ। ਜੇ ਉਨ੍ਹਾਂ ਇਸ ਡੀਲ ਨੂੰ 2017 ਵਿੱਚ ਪਾਸ ਕਰ ਦਿੱਤਾ ਹੁੰਦਾ, 2018 ਦੇ ਸ਼ੁਰੂ ਵਿੱਚ ਤਿੰਨਾਂ ਦੇਸ਼ਾਂ ਦਰਮਿਆਨ ਇਸ ਸਮਝੌਤੇ ਉੱਤੇ ਸਹੀ ਪਾਈ ਜਾ ਚੁੱਕੀ ਹੁੰਦੀ ਤਾਂ ਉਨ੍ਹਾਂ ਕੋਲ ਸੈਨੇਟ ਹੋਣੀ ਸੀ, ਮੈਕਸਿਕੋ ਦੀ ਸਰਕਾਰ ਨਹੀਂ ਸੀ ਬਦਲਣੀ ਤੇ ਕੈਨੇਡਾ ਵਿੱਚ ਚੋਣਾਂ ਵਾਲਾ ਮਾਹੌਲ ਨਹੀਂ ਸੀ ਹੋਣਾ। ਦੂਜੀ ਗੱਲ ਟਰੰਪ ਤੇ ਉਨ੍ਹਾਂ ਦੇ ਸਾਥੀਆਂ ਨੇ ਯੂਨੀਅਨਜ਼ ਦੀ ਰਾਇ ਨਹੀਂ ਲਈ ਤੇ ਨਾ ਹੀ ਡੈਮੋਕ੍ਰੈਟਸ ਨੂੰ ਨਾਲ ਲੈ ਕੇ ਤੁਰੇ। ਇਸ ਲਈ ਹੁਣ ਉਹ ਅਜਿਹੀ ਸਥਿਤੀ ਵਿੱਚ ਹਨ ਕਿ ਨਾ ਤਾਂ ਯੂਨੀਅਨਾਂ ਤੇ ਨਾ ਹੀ ਡੈਮੋਕ੍ਰੈਟਸ ਦੀ ਰਾਇ ਉਨ੍ਹਾਂ ਨਾਲ ਮਿਲਦੀ ਹੈ। ਹੇਅਮਨ ਨੇ ਆਖਿਆ ਕਿ ਰਿਪਬਲਿਕਨ ਇਹ ਟੈਰਿਫਜ਼ ਹਟਾਉਣ ਲਈ ਟਰੰਪ ਉੱਤੇ ਦਬਾਅ ਪਾ ਰਹੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਨੇ ਵੀ ਜਵਾਬੀ ਕਾਰਵਾਈ ਤਹਿਤ ਅਮਰੀਕਾ ਦੇ ਸਟੀਲ, ਐਲੂਮੀਨੀਅਮ ਤੇ ਹੋਰਨਾਂ ਵਸਤਾਂ ਉੱਤੇ ਟੈਰਿਫ ਲਾ ਦਿੱਤਾ ਸੀ। ਕੈਨੇਡੀਅਨ ਅਧਿਕਾਰੀ ਆਖ ਚੁੱਕੇ ਹਨ ਕਿ ਜਿਵੇਂ ਹੀ ਅਮਰੀਕਾ ਆਪਣੇ ਵੱਲੋਂ ਲਾਏ ਟੈਰਿਫ ਹਟਾ ਲਵੇਗਾ ਉਹ ਵੀ ਆਪਣੇ ਟੈਰਿਫ ਹਟਾ ਲੈਣਗੇ।


AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4


# ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦਾ ਵੱਡਾ ਫੈਸਲਾ, 2019 'ਚ ਨਹੀ ਹੋਣਗੇ ਕਬੱਡੀ ਟੂਰਨਾਮੈਂਟ




ਬਰੈਂਪਟਨ, 5 ਮਈ (ਪੋਸਟ ਬਿਊਰੋ)- ਬੀਤੇ ਸ਼ਨਿਚਰਵਾਰ ਕਬੱਡੀ ਫੈਡਰੇਸ਼ਨ ਆਫ਼ ਓਂਟਾਰੀਓ ਨੇ ਇਕ ਵੱਡਾ ਫੈਸਲਾ ਲੈਂਦਿਆਂ ਸਾਲ 2019 ਦੇ ਕਬੱਡੀ ਦੇ ਸਾਰੇ ਟੂਰਨਾਮੈਂਟ ਰੱਦ ਕਰ ਦਿੱਤੇ ਹਨ। ਇਹ ਪਹਿਲੀ ਵਾਰ ਹੋਵੇਗਾ ਕਿ ਓਂਟਾਰੀਓ ਵਿਚ ਕੈਨੇਡਾ ਕਬੱਡੀ ਕੱਪ ਵੀ ਨਹੀ ਹੋਵੇਗਾ। ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਵਲੋਂ ਜਾਰੀ ਕੀਤੀ ਗਈ ਇਕ ਵੀਡੀਓ ਮੁਤਾਬਿਕ ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿ ਉਨ੍ਹਾਂ ਵਲੋਂ ਖਿਡਾਰੀਆਂ ਨੂੰ ਅਗਾਊਂ ਸੂਚਿਤ ਕੀਤਾ ਗਿਆ ਸੀ ਕਿ ਇਸ ਵਾਰ ਅਸੀਂ ਉਹ ਹੀ ਖਿਡਾਰੀ ਟੂਰਨਾਮੈਂਟ ਵਿਚ ਸ਼ਾਮਲ ਕਰਨੇ ਹਨ, ਜਿਨ੍ਹਾਂ ਦੇ ਡਰੱਗ ਟੈਸਟ ਦੀ ਰਿਪੋਰਟ ਸਹੀ ਹੋਵੇਗੀ। ਬੀਤੇ ਮਹੀਨਿਆਂ 'ਚ ਇੰਡੀਆ ਦੀ ਇਕ ਫੈਡਰੇਸ਼ਨ ਵਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਿਕ ਬਹੁਤੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕਿਸੇ ਨਾ ਕਿਸੇ ਨਸ਼ੇ ਦੇ ਆਦੀ ਹਨ। ਇਨ੍ਹਾਂ ਨਸ਼ਿਆਂ ਵਿਚ ਅਫੀਮ, ਡੋਡੇ, ਚਿੱਟਾ ਆਦਿ ਦੇ ਨਾਲ-ਨਾਲ ਸਟੀਰਾਇਡ ਵੀ ਸ਼ਾਮਲ ਕੀਤੀ ਗਈ ਹੈ। ਬਹੁਤੇ ਖਿਡਾਰੀ ਹਨ ਜਿਨ੍ਹਾਂ ਦੀ ਘਾਤਕ ਨਸ਼ਿਆਂ ਦੀ ਰਿਪੋਰਟ ਨੈਗੇਟਿਵ ਹੈ, ਪਰ ਫੇਰ ਵੀ ਸਟੀਰਾਇਡ ਦੀ ਰਿਪੋਰਟ ਪਾਜੀਟਿਵ ਆ ਰਹੀ ਹੈ। ਅਜਿਹਾ ਦੇਖਦਿਆਂ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੇ ਮੈਂਬਰਾਂ ਨੇ ਖਿਡਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ 2020 ਤੱਕ ਜੇਕਰ ਤੁਹਾਡੀ ਰਿਪੋਰਟ ਸਹੀ ਆਉਦੀ ਹੈ ਤਾਂ ਹੀ ਤੁਹਾਨੂੰ ਟੂਰਨਾਮੈਟ ਵਿਚ ਖੇਡਣ ਲਈ ਸੱਦਾ ਦਿੱਤਾ ਜਾਵੇਗਾ। ਨਹੀ ਤਾਂ ਜਿਸ ਤਰ੍ਹਾਂ 2019 ਵਿਚ ਸਭ ਨੂੰ ਰੋਕ ਦਿੱਤਾ ਗਿਆ ਹੈ। ਇੰਝ ਹੀ 2020 ਵਿਚ ਵੀ ਕੀਤਾ ਜਾ ਸਕਦਾ ਹੈ। ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੇ ਪ੍ਰਧਾਨ ਗੁਰਲਾਟ ਲਾਡਾ ਅਤੇ ਸੱਤਾ ਚਾਹਲ ਵਲੋਂ ਸਾਂਝੇ ਤੌਰ ਉਤੇ ਜਾਰੀ ਕੀਤੇ ਗਏ ਬਿਆਨ ਵਿਚ ਇਹ ਕਿਹਾ ਗਿਆ ਹੈ ਕਿ ਡਰੱਗ ਦੇ ਮਾਮਲੇ ਵਿਚ ਕਿਸ ਨੂੰ ਵੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ ਭਾਵੇਂ ਕਿ ਲਗਭਗ ਅੱਧੀਆਂ ਕਲੱਬਾਂ ਦਾ ਇਹ ਫੈਸਲਾ ਸੀ ਕਿ ਇਸ ਵਾਰ ਸਟੀਰਾਇਡ ਨੂੰ ਛੱਡ ਕੇ ਬਾਕੀ ਡਰੱਗਜ ਦੇ ਉਤੇ ਰੋਕ ਲਾ ਦਿੱਤੀ ਜਾਵੇ। ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਖਿਡਾਰੀਆਂ ਦਾ ਡਰੱਗ ਟੈਸਟ ਕਰਨ ਵਾਲੇ ਡਾਕਟਰ ਉਤੇ ਵੀ ਕਾਫੀ ਕਿੰਤੂ ਪਰੰਤੂ ਹੁੰਦਾ ਰਿਹਾ ਹੈ।


ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2



LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਨਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593



SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸਨੀ ਦਿਓਲ ਦੇ ਪ੍ਰਚਾਰ ਲਈ ਆਏ ਅਮਿਤ ਸ਼ਾਹ ਵੱਲੋਂ ਕੈਪਟਨ ਤੇ ਸਿੱਧੂ ਦੋਵਾਂ ਉੱਤੇ ਚਾਂਦਮਾਰੀ





ਪਠਾਨਕੋਟ, 5 ਮਈ, (ਪੋਸਟ ਬਿਊਰੋ)- ਗੁਰਦਾਸਪੁਰ ਲੋਕ ਸਭਾ ਹਲਕੇਤੋਂ ਭਾਜਪਾ ਉਮੀਦਵਾਰ ਸੰਨੀ ਦਿਓਲ ਦੇ ਪੱਖ ਵਿੱਚਚੋਣ ਪ੍ਰਚਾਰ ਕਰਨ ਆਏ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ-ਨਾਲ ਲੋਕਲ ਬਾਡੀਜ਼ਮੰਤਰੀ ਨਵਜੋਤ ਸਿੰਘ ਸਿੱਧੂ ਉੱਤੇਵੀ ਜ਼ਬਰਦਸਤ ਨਿਸ਼ਾਨਾ ਸੇਧਿਆ ਹੈ।

ਅਮਿਤ ਸ਼ਾਹ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਦੀ ਹਮਾਇਤ ਕਰਦੇ ਹਨ, ਉਹ ਪਾਕਿਸਤਾਨ ਜਾ ਕੇ ਓਥੋਂ ਦੀ ਫੌਜ ਦੇ ਕਮਾਂਡਰ ਨੂੰ ਗਲੇ ਮਿਲਦੇ ਅਤੇ ਅੱਤਵਾਦੀ ਹਮਲੇ ਉੱਤੇ ਪਾਕਿਸਤਾਨ ਦੇ ਪੱਖਦਾ ਬਿਆਨ ਦਿੰਦੇ ਹਨ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਪਾਕਿਸਤਾਨ ਏਨਾ ਚੰਗਾ ਲੱਗਦਾ ਹੈ ਤਾਂ ਇਸ ਪੰਜਾਬ ਨੂੰ ਛੱਡ ਕੇ ਸਰੱਹਦ ਪਾਰ ਕਰਨ ਅਤੇ ਪਾਕਿਸਤਾਨੀ ਪੰਜਾਬ ਵਿੱਚ ਹੀ ਚਲੇ ਜਾਣ।

ਲੋਕ ਸਭਾ ਚੋਣਾਂ ਬਾਰੇ ਅਮਿਤ ਸ਼ਾਹ ਨੇ ਕਿਹਾ ਕਿ ਉਹ ਸੰਨੀ ਦਿਓਲ ਨੂੰ ਜਿਤਾਉਣ ਲਈ ਆਏ ਹਨ, ਗੁਰਦਾ-ਸਪੁਰ ਦੇ ਲੋਕਾਂ ਨੂੰ ਅਪੀਲ ਹੈ ਕਿ ਵਿਨੋਦ ਖੰਨਾ ਵਾਂਗ ਸੰਨੀ ਦਿਓਲ ਨੂੰ ਪਾਰਲੀਮੈਂਟ ਮੈਂਬਰ ਬਣਾਓ, ਉਹ ਵਿਨੋਦ ਖੰਨਾ ਦੇ ਅਧੂਰੇ ਕੰਮ ਪੂਰੇ ਕਰਨਗੇ। ਉਨ੍ਹਾਂ ਕਿਹਾ ਕਿ ਸਾਰੇ ਦੇਸ਼ ਵਿੱਚ ਇਕੋ ਨਾਅਰਾ ਹੈ; ਮੋਦੀ-ਮੋਦੀ। ਇਹ ਮੋਦੀ ਨੂੰ ਫਿਰ ਪ੍ਰਧਾਨ ਮੰਤਰੀ ਬਣਾਉਣ ਲਈ ਦੇਸ਼ ਦੀ ਜਨਤਾ ਦਾ ਆਸ਼ੀਰਵਾਦ ਹੈ, ਕਿਉਂਕਿ ਮੋਦੀ ਦੀ ਸਰਕਾਰ ਨੇ ਗਰੀਬਾਂ ਨੂੰ ਬਿਜਲੀ, ਘਰ, ਰਸੋਈ ਗੈਸ ਦਿੱਤੀ ਹੈ। ਸ਼ਾਹ ਨੇ ਕਿਹਾ ਕਿ ਵੱਡੇ ਬਾਦਲ ਨੇ ਪੰਜਾਬ ਦੇ ਲੋਕਾਂ ਲਈ ਸ਼ਲਾਘਾ ਯੋਗ ਕੰਮ ਕੀਤੇ ਹਨ। ਉਨ੍ਹਾਂ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਬਾਰੇ ਕਾਂਗਰਸ ਦੀ ਭੂਮਿਕਾ ਦੇ ਬਾਰੇ ਵੀ ਸਵਾਲ ਚੁੱਕਿਆ ਅਤੇ ਕਿਹਾ ਕਿ ਅਸੀਂ ਦੋਸ਼ੀਆਂ ਨੂੰ ਸਜ਼ਾ ਦਿਵਾਈ ਹੈ। ਅਮਿਤ ਸ਼ਾਹ ਨੇ ਪੰਜਾਬਦੀ ਅਕਾਲੀ-ਭਾਜਪਾ ਸਰਕਾਰ ਦੇ ਕੀਤੇ ਕੰਮਾਂ ਦਾ ਵੇਰਵਾ ਦਿੱਤਾ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਜੀਕਲ ਸਟ੍ਰਾਈਕ ਤੇ ਏਅਰ ਸਟ੍ਰਾਈਕ ਕਰਨ ਦਾ ਹੁਕਮ ਦੇ ਕੇਆ-ਪਣੇ ਦੇਸ਼ ਨੂੰ ਸੁਰੱਖਿਅਤ ਕੀਤਾ ਹੈ। ਭਾਜਪਾ ਪ੍ਰਧਾਨ ਨੇ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਤੋਂ ਬਣਨ ਪਿੱਛੋਂ ਪ੍ਰਧਾਨ ਮੰਤਰੀ ਦਾ ਜ਼ਿੰਮਾ ਸੰਭਾਲਣ ਤਕ 20 ਸਾਲਾਂ ਤੋਂਨਰਿੰਦਰ ਮੋਦੀ ਨੇ ਇਕ ਦਿਨ ਵੀ ਛੁੱਟੀ ਨਹੀਂ ਲਈ, ਪਰ ਕਾਂਗਰਸ ਦੇ ਪ੍ਰਧਾਨ ਰਾਹੁਲ ਬਾਬਾ ਗਰਮੀ ਆਉਂਦੇ ਸਾਰ ਕਿਤੇ ਚਲੇ ਜਾਂਦੇ ਹਨ, ਉਹ ਕਿੱਥੇ ਗਏ ਹਨ, ਇਹ ਉਨ੍ਹਾਂ ਦੀ ਮਾਂ ਨੂੰ ਵੀ ਪਤਾ ਨਹੀਂ ਹੁੰਦਾ।

ਇਸ ਤੋਂ ਪਹਿਲਾਂ ਇਸ ਰੈਲੀ ਵਿੱਚ ਪਹੁੰਚਣ ਉੱਤੇ ਭਾਜਪਾ ਆਗੂਆਂ ਦੇ ਨਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਮਿਤ ਸ਼ਾਹ ਦਾ ਸਵਾਗਤ ਕੀਤਾ। ਰੈਲੀ ਵਿੱਚ ਅਮਿਤ ਸ਼ਾਹ ਦੀ ਹਾਜ਼ਰੀ ਵਿੱਚ ਕਈ ਸਾਬਕਾ ਫੌਜੀ ਅਤੇ ਹੋਰ ਪਾਰਟੀਆਂ ਦੇ ਆਗੂ ਅੱਜ ਭਾਜਪਾ ਵਿੱਚ ਸ਼ਾਮਲ ਹੋ ਗਏ। ਇਹ ਰੈਲੀ ਸ਼ਹਿਰ ਦੇ ਸਿਆਲੀ ਰੋਡ ਗਰਾਊਂਡ ਵਿੱਚ ਹੋਣੀ ਸੀ, ਪਰ ਅਮਿਤ ਸ਼ਾਹ ਦੀ ਰੈਲੀ ਤੋਂ ਪਹਿਲਾਂ ਇਕ ਆਜ਼ਾਦ ਉਮੀਦਵਾਰ ਨੂੰ ਰੈਲੀ ਦੀ ਮਨਜ਼ੂਰੀ ਮਿਲਣ ਕਾਰਨ ਭਾਜਪਾ ਨੂੰ ਰੈਲੀ ਦਾ ਸਥਾਨ ਬਦਲਣਾ ਪਿਆ ਅਤੇ ਇਹ ਗੁਰੂ ਕਰਤਾਰ ਫਾਰਮ ਵਿੱਚਕੀਤੀ ਗਈ।

ਕੈਪਟਨ ਅਮਰਿੰਦਰ ਵੱਲੋਂ ਦੋਸ਼:

# ਅਕਾਲੀ ਆਗੂਆਂ ਦੇ ਇਸ਼ਾਰੇ ਉੱਤੇ ਕਣਕ ਖਰੀਦ ਵਿੱਚ ਅੜਿੱਕੇ ਪਾ ਰਹੀ ਹੈ ਕੇਂਦਰ ਸਰਕਾਰ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਕੇਂਦਰ ਵਿਚ ਭਾਜਪਾ ਦੀ ਅਗਵਾਈ ਹੇਠ ਚੱਲਦੀਸਰਕਾਰ ਉੱਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਉਹ ਅਕਾਲੀ ਆਗੂਆਂ ਦੇ ਇਸ਼ਾਰੇ ਉੱਤੇ ਬਾਰਦਾਨੇ ਦੀ ਘਾਟ ਪੈਦਾ ਕਰਦੀ ਹੈ ਤਾਂ ਕਿ ਕਣਕ ਖ਼ਰੀਦ ਵਿਚ ਅੜਿੱਕੇ ਡਾਹ ਕੇ ਚੋਣਾਂ ਦੌਰਾਨ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਣਕ ਦੀ ਬੰਪਰ ਪੈਦਾਵਾਰ ਹੋਈ ਹੈ, ਪਰ ਇਸ ਫਸਲ ਦੇ ਲਈ ਬਾਰਦਾਨੇ ਦੀ ਸਪਲਾਈ ਤੋਂ ਸਾਨੂੰ ਜਾਣਬੁੱਝ ਕੇ ਵਾਂਝਾ ਰੱਖਿਆ ਜਾ ਰਿਹਾ ਅਤੇ ਨਾਲ ਲੱਗਦੇ ਹਰਿਆਣਾ ਵਿਚ 12 ਮਈ ਨੂੰ ਹੋਣ ਜਾ ਰਹੀਆਂ ਚੋਣ ਕਾਰਨਕੇਂਦਰ ਸਰਕਾਰ ਵਲੋਂ ਬਾਰਦਾਨੇ ਦੀ ਵਾਧੂ ਸਪਲਾਈ ਹੋ ਰਹੀ ਹੈ।



ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਕਣਕ ਦੀ ਖ਼ਰੀਦ ਲਈ ਲੋੜੀਂਦਾ ਬਾਰਦਾਨਾ ਹਰਿਆਣਾ ਨੂੰ ਭੇਜਣ ਉੱਤੇਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਤੇ ਕਿਹਾ ਕਿ ਚਾਰ ਲੱਖ ਗੱਠਾਂ ਪੰਜਾਬ ਤੋਂ ਹਰਿਆਣਾ ਨੂੰ ਭੇਜ ਦਿੱਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿਕੇਂਦਰ ਸਰਕਾਰ ਦੀਆਂ ਸਿਆਸਤ ਤੋਂ ਪ੍ਰੇਰਿਤ ਨੀਤੀਆਂ ਕਾਰਨਪੰਜਾਬ ਨੂੰ ਅਤਿ ਲੋੜੀਂਦੇ ਬਾਰਦਾਨੇ ਤੋਂ ਵਾਂਝਾ ਰੱਖਣ ਨਾਲਏਥੇ ਕਾਂਗਰਸ ਸਰਕਾਰ ਦੇ ਬਣਨ ਪਿੱਛੋਂ ਪਹਿਲੀ ਵਾਰ ਖ਼ਰੀਦ ਵਿੱਚ ਸਮੱਸਿਆ ਪੈਦਾ ਹੋਈ ਹੈ ਅਤੇ ਭਾਜਪਾ ਦੀ ਕੇਂਦਰ ਸਰਕਾਰ ਅਪਣੇ ਭਾਈਵਾਲ ਅਕਾਲੀ ਦਲ ਦੇ ਇਸ਼ਾਰੇ ਉੱਤੇ ਕੰਮ ਕਰ ਰਹੀ ਹੈ ਤਾਂ ਕਿ ਮੰਡੀਆਂ ਵਿਚ ਕਣਕ ਖ਼ਰੀਦ ਵਿੱਚ ਰੁਕਾਵਟ ਪੈਦਾ ਹੋ ਸਕੇ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਨੂੰ ਇਸ ਸਾਲ ਕਣਕ ਦੀ ਵਾਧੂ ਪੈਦਾਵਾਰ ਸੰਭਾਣਣ ਲਈ ਵਾਧੂ ਬਾਰਦਾਨਾ ਦੇ ਦਿਤਾ ਹੈ। ਉਨ੍ਹਾਂ ਕੇਂਦਰ ਸਰਕਾਰ ਉੱਤੇ ਚੋਣਾਂ ਦੇ ਸਾਲ ਵਿਚ ਸਿਆਸੀ ਹਿੱਤਾਂ ਲਈ ਪੰਜਾਬ ਨਾਲ ਮਤਰੇਈ ਮਾਂ ਵਾਲੇ ਵਿਹਾਰ ਦਾ ਦੋਸ਼ ਲਾਇਆ ਅਤੇ ਪੰਜਾਬ ਵਿੱਚ ਖਰੀਦ ਨਾਲ ਸਬੰਧਤ ਅਧਿਕਾਰੀਆਂ ਨੂੰ ਅਜਿਹੀਆਂ ਕੋਸ਼ਿਸ਼ਾਂ ਨਾਲ ਨਿਪਟਣ ਦੇ ਹੁਕਮ ਦਿਤੇ ਹਨ।

# ਸਾਬਕਾ ਵਿਧਾਇਕ ਨਿਸ਼ਾਨ ਸਿੰਘ ਅਕਾਲ ਤਖਤ ਵਿਖੇ ਪੇਸ਼, ਮੁਆਫੀ ਮੰਗ ਲਈ



ਅੰਮ੍ਰਿਤਸਰ, 5 ਮਈ, (ਪੋਸਟ ਬਿਊਰੋ)- ਹਰਿਆਣਾ ਦੇ ਸਾਬਕਾ ਵਿਧਾਇਕ ਤੇ ਡੇਰਾ ਸੱਚਾ ਸੌਦਾ ਦੇ ਪ੍ਰੇਮੀ ਨਿਸ਼ਾਨ ਸਿੰਘ ਨੇ ਡੇਰਾ ਮੁਖੀ ਦੀ ਬਰਾਬਰੀ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਕਰਨ ਦੇ ਦੋਸ਼ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਗੁਨਾਹ ਮੰਨਣ ਦੇ ਬਾਅਦ ਇਸ ਦੇ ਲਈ ਮੁਆਫੀ ਮੰਗ ਲਈ ਹੈ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਏਥੇ ਦੱਸਿਆ ਕਿ ਪਿਛਲੇ ਦਿਨੀਂ ਨਿਸ਼ਾਨ ਸਿੰਘ ਸੂਬਾ ਪ੍ਰਧਾਨ ਜਨ ਨਾਇਕ ਜਨਤਾ ਪਾਰਟੀ ਹਰਿਆਣਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਰਾਬਰੀ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨਾਲ ਕਰ ਕੇ ਸਿੱਖ ਭਾਵਨਾਵਾਂ ਨੂੰ ਠੇਸ ਪੁਚਾਈ ਸੀ, ਪਰ ਪਿੱਛੋਂ ਉਸ ਨੇ ਆਪਣੀ ਗਲਤੀ ਮੰਨ ਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖਤੀ ਮਾਫੀਨਾਮਾ ਭੇਜਿਆ ਸੀ ਅਤੇ ਅੱਜ ਐਤਵਾਰ ਉਸ ਨੇ ਖੁਦ ਪੇਸ਼ ਹੋ ਕੇ ਮਾਫੀ ਮੰਗੀ ਹੈ, ਜਿਸ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਿਸ਼ਾਨ ਸਿੰਘ ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀ ਧਾਰਮਿਕ ਤਨਖਾਹ ਲਾਈ ਗਈ ਹੈ।ਇਸ ਮੌਕੇ ਨਿਸ਼ਾਨ ਸਿੰਘ ਨੇ ਕਿਹਾ ਕਿ ਉਸ ਨੂੰ ਸ੍ਰੀ ਅਕਾਲ ਤਖਤ ਵੱਲੋਂ ਦਿੱਤਾ ਗਿਆ ਹਰ ਹੁਕਮ ਪ੍ਰਵਾਨ ਹੈ। ਇਸ ਮੌਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਅਦਾਲਤ ਵੱਲੋਂਬੀਤੇ ਦਿਨੀਂ ਬਰੀ ਕੀਤੇ ਜਾਣ ਬਹੁਤ ਮੰਦਭਾਗਾ ਹੈ। ਇਸ ਬਾਰੇ ਸਭ ਸਿੱਖ ਜਥੇਬੰਦੀਆਂ ਨੂੰ ਆਪਸੀ ਮਤਭੇਦ ਛੱਡ ਕੇ ਸਰਕਾਰਾਂ ਉੱਤੇ ਦਬਾਅ ਬਣਾ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣੀਆਂ ਚਾਹੀਦੀਆਂ ਹਨ।

# ਪੁੱਛੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਭੱਠਲ ਨੇ ਨੌਜਵਾਨ ਨੂੰ ਥੱਪੜ ਕੱਢ ਮਾਰਿਆ

* ਨੌਜਵਾਨ ਨੇ ਬੀਬੀ ਭੱਠਲ ਉੱਤੇ ਦੋਸ਼ ਲਾਏ



ਮੂਣਕ (ਸੰਗਰੂਰ), 5 ਮਈ, (ਪੋਸਟ ਬਿਊਰੋ)- ਪੰਜਾਬ ਦੇ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਉਮੀਦਵਾਰ ਕੇਵਲ ਸਿੰਘ ਢਿੱਲੋਂਵਾਸਤੇ ਚੋਣ ਪ੍ਰਚਾਰ ਦੇ ਦੌਰਾਨ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਮੂਣਕ ਵਿਖੇ ਦਫਤਰ ਦਾ ਉਦਘਾਟਨ ਕੀਤਾ ਅਤੇ ਇਸ ਤੋਂ ਬਾਅਦ ਪਿੰਡ ਬੁਸੈਹਿਰਾ ਵਿਖੇ ਇੱਕ ਪ੍ਰੋਗਰਾਮ ਵਿਚ ਪੁੱਜੇ। ਇਸ ਸਮਾਗਮ ਦੌਰਾਨ ਇਕ ਨੌਜਵਾਨ ਨੇ ਬੀਬੀ ਭੱਠਲ ਨੂੰ ਜਦੋਂ ਕੋਈ ਸਵਾਲ ਕੀਤਾ ਤਾਂ ਜਵਾਬ ਦੇਣ ਦੀ ਥਾਂ ਬੀਬੀ ਭੱਠਲ ਨੇ ਉਸ ਦੇ ਥੱਪੜ ਮਾਰਿਆ, ਜਿਹੜਾ ਉਸਦੀ ਬਾਂਹ ਉੱਤੇ ਵੱਜਾ ਅਤੇ ਇਸ ਦੇ ਬਾਅਦ ਬੀਬੀ ਭੱਠਲ ਚੱਲਦੇ ਬਣੇ।

ਇਸ ਸੰਬੰਧ ਵਿੱਚ ਇਸ ਪਿੰਡ ਦੇ ਕੁਲਦੀਪ ਸਿੰਘ ਨੇ ਦੋਸ਼ ਲਾਇਆ ਕਿ ਉਹ ਐਮ ਟੈੱਕ (ਆਈ ਟੀ) ਪਾਸ ਕਰਨ ਦੇ ਬਾਅਦ ਬੇਰੁਜ਼ਗਾਰ ਹੈ ਤੇ ਆਪਣੇ ਪਿੰਡ ਦੀਆਂ ਸਮੱਸਿਆ ਬਾਰੇ ਬੀਬੀ ਭੱਠਲ ਅਤੇ ਕੇਵਲ ਸਿੰਘ ਢਿੱਲੋਂ ਨਾਲ ਕੁਝ ਗੱਲ ਕਰਨਾ ਚਾਹੁੰਦਾ ਸੀ। ਉਸ ਨੇ ਕਿਹਾ ਕਿ ਉਹ ਕਿਸੇ ਪਾਰਟੀ ਨਾਲ ਨਹੀਂ ਜੁੜਿਆ, ਭਾਵੇਂ ਅੱਜ ਤੱਕ ਉਸ ਦਾ ਰਿਕਾਰਡ ਚੈੱਕ ਕਰ ਲਿਆ ਜਾਵੇ। ਨੌਜਵਾਨ ਨੇ ਦੱਸਿਆ ਕਿ ਉਹ ਤਿੰਨ ਸਵਾਲ ਬੀਬੀ ਭੱਠਲ ਦੇ ਅੱਗੇ ਰੱਖਣਾ ਚਾਹੁੰਦਾ ਸੀ। ਪਹਿਲਾ ਗੰਦੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਨਾ ਹੋਣਾ, ਜਿਸ ਕਰਕੇ ਲੋਕਾਂ ਨੂੰ ਬਿਮਾਰੀਆਂ ਦਾ ਡਰ ਹੈ। ਦੂਜਾ ਸਵਾਲਪਿੰਡ ਤੋਂ ਨਿਕਲਦੇ ਸੂਏ ਵਿੱਚ ਪਾਣੀ ਨਾ ਆਉਣ ਅਤੇ ਜ਼ਮੀਨਾਂ ਉਪਜਾਊ ਦੀ ਥਾਂ ਬੰਜ਼ਰ ਹੋਣ ਬਾਰੇ ਸੀ। ਤੀਜਾ ਸਵਾਲ ਬੇਰੁਜਗਾਰੀ ਦਾ ਸੀ। ਇਨ੍ਹਾਂ ਦਾ ਜਵਾਬ ਦੇਣ ਦੀ ਥਾਂ ਬੀਬੀ ਭੱਠਲ ਨੇ ਉਸ ਵੱਲ ਹੱਥ ਚੁੱਕਿਆ, ਜਿਹੜਾ ਉਸ ਦੀ ਬਾਂਹ ਉੱਤੇਵੱਜਾ ਅਤੇਬੀਬੀ ਦੇ ਗੰਨਮੈਨ ਤੇ ਪਾਰਟੀ ਵਰਕਰ ਉਸ ਦੀ ਖਿੱਚ ਧੂਹ ਕਰਨ ਲੱਗੇ। ਇਸ ਪਿੱਛੋਂ ਪਿੰਡ ਦੇ ਲੋਕ ਸਾਡੇ ਵਿਚਾਲੇ ਆ ਗਏ।

# ਦੋ ਜੱਜਾਂ ਦੀ ਜਾਂਚ ਕਮੇਟੀ ਨੂੰ ਦੂਜੇ ਦੋ ਜੱਜਾਂ ਵੱਲੋਂ ਮਿਲਣ ਦੀ ਗੱਲ ਸੁਪਰੀਮ ਕੋਰਟ ਵੱਲੋਂ ਰੱਦ

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਚੀਫ ਜਸਟਿਸ ਰੰਜਨ ਗੋਗੋਈ ਉੱਤੇ ਲੱਗੇ ਆਚਰਣ ਨਾਲ ਸੰਬੰਧਤ ਦੋਸ਼ਾਂ ਦੀ ਜਾਂਚ ਕਰ ਰਹੀ ਅੰਦਰੂਨੀ ਜਾਂਚ ਕਮੇਟੀ ਦੇ ਮੁਖੀ ਜਸਟਿਸ ਐਸ ਏ ਬੋਬਡੇ ਨਾਲ ਸ਼ੁੱਕਰਵਾਰ ਦੋ ਜੱਜਾਂ ਜਸਟਿਸ ਆਰ ਐੱਫ ਨਾਰੀਮਨ ਅਤੇ ਜਸਟਿਸ ਡੀਵਾਈ ਚੰਦਰਚੂੜ ਵੱਲੋਂ ਮੁਲਾਕਾਤ ਕਰਨ ਦੀਆਂ ਖ਼ਬਰਾਂ ਨੂੰ ਪੂਰੀ ਤਰ੍ਹਾਂ ਗ਼ਲਤ ਕਰਾਰ ਦਿੱਤਾ ਤੇ ਇਕ ਅੰਗਰੇਜ਼ੀ ਅਖ਼ਬਾਰ ਵਿੱਚ ਛਪੀ ਖ਼ਬਰ ਨੂੰ ਮੰਦਭਾਗੀ ਅਤੇ ਗ਼ਲਤ ਦੱਸ ਕੇ ਕਿਹਾ ਕਿ ਚੀਫ ਜਸਟਿਸ ਦੇ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਅੰਦਰੂਨੀ ਜਾਂਚ ਕਮੇਟੀ ਖ਼ੁਦ ਇਸ ਬਾਰੇ ਵਿਚਾਰ ਕਰ ਰਹੀ ਹੈ, ਜਾਂਚ ਕਮੇਟੀ ਨੇ ਇਸ ਮਸਲੇ ਉੱਤੇ ਸੁਪਰੀਮ ਕੋਰਟ ਦੇ ਕਿਸੇ ਵੀ ਜੱਜ ਦੀ ਰਾਏ ਨਹੀਂ ਲਈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਵੱਲੋਂ ਸੈਕ੍ਰੇਟਰੀ ਜਨਰਲ ਨੇ ਅੱਜ ਐਤਵਾਰ ਨੂੰ ਇੱਕ ਪ੍ਰੈੱਸ ਬਿਆਨ ਜਾਰੀ ਕਰ ਕੇ ਇਹ ਗੱਲ ਕਹੀ ਹੈ। ਵਰਨਣ ਯੋਗ ਹੈ ਕਿ ਐਤਵਾਰ ਨੂੰ ਇਕ ਅੰਗਰੇਜ਼ੀ ਅਖ਼ਬਾਰਨੇ ਖਬਰ ਛਾਪੀ ਸੀ ਕਿ ਜਸਟਿਸ ਡੀਵਾਈ ਚੰਦਰਚੂੜ ਨੇ ਚੀਫ ਜਸਟਿਸ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਕਰਦੀ ਅੰਦਰੂਨੀ ਜਾਂਚ ਕਮੇਟੀ ਨੂੰ ਇਹ ਆਖਿਆ ਹੈ ਕਿ ਸ਼ਿਕਾਇਤਕਰਤਾਔਰਤ ਵੱਲੋਂ ਕਾਰਵਾਈ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦੇਣਪਿੱਛੋਂ ਜਾਂਚ ਕਮੇਟੀ ਨੂੰ ਇਕ-ਪਾਸੜ ਸੁਣਵਾਈ ਨਹੀਂ ਕਰਨੀ ਚਾਹੀਦੀ। ਇਸ ਅਖ਼ਬਾਰ ਨੇ ਇਹ ਵੀ ਲਿਖਿਆ ਸੀ ਕਿ ਜਸਟਿਸ ਚੰਦਰਚੂੜ ਅਤੇ ਜਸਟਿਸ ਆਰ ਐੱਫ ਨਾਰੀਮਨ ਸ਼ੁੱਕਰਵਾਰ ਦੀ ਸ਼ਾਮ ਅੰਦਰੂਨੀ ਜਾਂਚ ਕਮੇਟੀ ਨੂੰ ਮਿਲੇ ਸਨ। ਸੁਪਰੀਮ ਕੋਰਟ ਦੇ ਸੈਕ੍ਰੇਟਰੀ ਜਨਰਲ ਵੱਲੋਂ ਐਤਵਾਰ ਸਵੇਰੇ ਪ੍ਰੈੱਸ ਬਿਆਨ ਜਾਰੀ ਕਰ ਕੇ ਇਸ ਖ਼ਬਰ ਨੂੰ ਪੂਰੀ ਤਰ੍ਹਾਂ ਗ਼ਲਤ ਕਰਾਰ ਦਿੱਤਾ ਗਿਆ ਹੈ।

ਅੱਜ ਜਾਰੀ ਕੀਤੇ ਬਿਆਨ ਵਿੱਚ ਸੁਪਰੀਮ ਕੋਰਟ ਵੱਲੋਂ ਕਿਹਾ ਗਿਆ ਕਿ ਇਹ ਬੜੀ ਮੰਦ-ਭਾਗੀ ਗੱਲ ਹੈ ਕਿ ਇਕ ਵੱਡੇ ਅਖ਼ਬਾਰ ਨੇ ਕਿਹਾ ਹੈ ਕਿ ਸ਼ੁੱਕਰਵਾਰ 3 ਮਈ ਨੂੰ ਜਸਟਿਸ ਆਰ ਐੱਫ ਨਾਰੀਮਨ ਤੇ ਜਸਟਿਸ ਡੀਵਾਈ ਚੰਦਰਚੂੜ ਅੰਦਰੂਨੀ ਜਾਂਚ ਕਮੇਟੀਦੇ ਜਸਟਿਸ ਐੱਸ ਏ ਬੋਬਡੇ ਨੂੰ ਮਿਲੇ ਸਨ। ਇਹ ਖ਼ਬਰ ਪੂਰੀ ਤਰ੍ਹਾਂ ਗ਼ਲਤ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਅੰਦਰੂਨੀ ਜਾਂਚ ਕਮੇਟੀ ਚੀਫ ਜਸਟਿਸ ਉੱਤੇ ਲੱਗੇ ਦੋਸ਼ਾਂ ਦੀ ਖ਼ੁਦ ਜਾਂਚ ਕਰ ਰਹੀ ਹੈ ਅਤੇ ਉਸ ਵਿਚ ਕਮੇਟੀ ਨੇ ਸੁਪਰੀਮ ਕੋਰਟ ਦੇ ਕਿਸੇ ਵੀ ਜੱਜ ਦੇ ਵਿਚਾਰ ਨਹੀਂ ਲਏ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਦੀ ਇਕ ਸਾਬਕਾ ਮਹਿਲਾ ਮੁਲਾਜ਼ਮ ਨੇ ਚੀਫ ਜਸਟਿਸ ਰੰਜਨ ਗੋਗੋਈ ਉੱਤੇਸੈਕਸ ਸ਼ੋਸ਼ਣ ਦੇ ਦੋਸ਼ ਲਾਏ ਹਨ, ਜਿਨ੍ਹਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਜੱਜਾਂ ਦੀ ਫੁਲ ਕੋਰਟ ਮੀਟਿੰਗ ਨੇ ਮਤਾ ਪਾਸ ਕਰਕੇ ਤਿੰਨ ਮੈਂਬਰੀ ਜਾਂਚ ਕਮੇਟੀ ਬਣਾਈ ਹੈ। ਇਸ ਅੰਦਰੂਨੀ ਜਾਂਚ ਕਮੇਟੀ ਦੇ ਮੁਖੀ ਸੁਪਰੀਮ ਕੋਰਟ ਦੇ ਦੂਸਰੇ ਨੰਬਰ ਦੇ ਸੀਨੀਅਰ ਜੱਜ ਜਸਟਿਸ ਐੱਸਏ ਬੋਬਡੇ ਅਤੇ ਦੋ ਮਹਿਲਾ ਜੱਜ ਜਸਟਿਸ ਇੰਦਰਾ ਬੈਨਰਜੀ ਤੇ ਇੰਦੂ ਮਲਹੋਤਰਾ ਹਨ।

# ਮੋਦੀ ਨੇ 'ਫੇਨੀ' ਤੂਫਾਨ ਬਾਰੇ ਫੋਨ ਕੀਤਾ, ਮਮਤਾ ਵੱਲੋਂ ਨਾ ਸੁਣਨ ਦੀ ਚਰਚਾ

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਅੱਜ ਸਵੇਰੇ ਭਾਰਤ ਵਿੱਚ ਇਹ ਗੱਲ ਅਚਾਨਕ ਚਰਚਾ ਵਿੱਚ ਆ ਗਈ ਕਿ 'ਫੇਨੀ' ਤੂਫ਼ਾਨ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਗੱਲ ਕਰਨਾ ਚਾਹੁੰਦੇ ਸਨ ਅਤੇ ਸ਼ਨਿਚਰਵਾਰ ਉਨ੍ਹਾਂ ਨੇ ਮਮਤਾ ਬੈਨਰਜੀ ਨਾਲ ਦੋ ਵਾਰ ਫੋਨ ਉੱਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਦੂਜੇ ਪਾਸੇ ਤੋਂ ਕੋਈ ਜਵਾਬ ਨਹੀਂ ਆਇਆ। ਸਰਕਾਰ ਦੇ ਇਕ ਉੱਚ ਅਧਿਕਾਰੀ ਨੇ ਐਤਵਾਰ ਇਸ ਬਾਰੇ ਕਿਹਾ ਕਿ ਇਸ ਪਿੱਛੋਂ ਪ੍ਰਧਾਨ ਮੰਤਰੀ ਨੇ ਗਵਰਨਰ ਨਾਲ ਹੋਈ ਚਰਚਾ ਦੇ ਬਾਰੇ ਟਵੀਟ ਕੀਤਾ ਹੈ।

ਇਸ ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਟਾਫ ਨੇ ਫੋਨ ਉੱਤੇ ਦੋ ਵਾਰ ਨਰਿੰਦਰ ਮੋਦੀ ਤੇ ਮਮਤਾ ਬੈਨਰਜੀ ਵਿਚਾਲੇ ਗੱਲ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਦੋਵੇਂ ਵਾਰ ਕਿਹਾ ਗਿਆ ਕਿ ਉਧਰੋਂ ਮੋੜਵਾਂ ਫੋਨ ਕੀਤਾ ਜਾਵੇਗਾ। ਇਕ ਵਾਰ ਇਹ ਵੀਕਿਹਾ ਗਿਆ ਕਿ ਮੁੱਖ ਮੰਤਰੀ ਦੌਰੇ ਉੱਤੇ ਹਨ।



ਵਰਨਣ ਯੋਗ ਹੈ ਕਿ ਤ੍ਰਿਣਮੂਲ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਕਰਕੇ ਆਲੋਚਨਾ ਕੀਤੀ ਸੀ ਕਿ ਉਨ੍ਹਾਂ ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨਾਲ ਤਾਂ 'ਫੇਨੀ' ਤੂਫ਼ਾਨ ਬਾਰੇ ਗੱਲਬਾਤ ਕੀਤੀ ਹੈ, ਪ੍ਰੰਤੂ ਮਮਤਾ ਬੈਨਰਜੀ ਨਾਲ ਕੋਈ ਗੱਲ ਨਾ ਕਰਕੇ ਪੱਛਮੀ ਬੰਗਾਲ ਨਾਲ ਵਿਤਕਰਾ ਕੀਤਾ ਹੈ। ਤ੍ਰਿਣਮੂਲ ਕਾਂਗਰਸ ਦੇ ਬੁਲਾਰੇ ਨੇ ਕਿਹਾ ਸੀ ਕਿ ਪਾਰਟੀ ਵੱਲੋਂ ਇਸ ਬਾਰੇ ਬਿਆਨ ਜਾਰੀ ਹੋਣ ਪਿੱਛੋਂ ਪ੍ਰਧਾਨ ਮੰਤਰੀ ਦਫਤਰਵੱਲੋਂਸਫਾਈ ਵਾਸਤੇ ਇਹ ਬਿਆਨ ਜਾਰੀ ਕੀਤਾ ਗਿਆ ਹੈ ਕਿ ਮਮਤਾ ਬੈਨਰਜੀ ਨੇ ਫੋਨ ਨਹੀਂ ਸੁਣਿਆ। ਇਸ ਦੇ ਬਾਅਦ ਪ੍ਰਧਾਨ ਮੰਤਰੀ ਦਫਤਰ ਵਿੱਚੋਂ ਇਕ ਸੀਨੀਅਰ ਅਧਿਕਾਰੀ ਨੇ ਮੀਡੀਆ ਵਿੱਚ ਆਈਆਂ ਖ਼ਬਰਾਂ ਦਾ ਖੰਡਨ ਕਰ ਦਿੱਤਾ ਹੈ ਕਿ 'ਫੇਨੀ' ਤੂਫਾਨ ਨਾਲ ਪੈਦਾ ਹੋਏ ਹਾਲਾਤ ਦੀ ਜਾਣਕਾਰੀ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਮਤਾ ਨੂੰ ਫੋਨ ਨਹੀਂ ਕੀਤਾ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre
Specializing In:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh President

308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905 - 460 - 1414

HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

TORONTO $6.99/Sq Ft
22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000
2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000
45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900
Photo Not Available
537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900
Photo Not Available
2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900
Photo Not Available
8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000
15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000
320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000
Photo Not Available
349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000
Photo Not Available
537 Van Kirk Dr 110: For sale Please call 905-405-8484

BRANTFORD $525,000
118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000
9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਨੇ ਇੰਟਰਨੈਸ਼ਨਲ ਰਿਲੀਜ਼ੀਅਸ ਫਰੀਡਮ ਦੇ ਰਾਜਦੂਤ ਨਾਲ ਮੁਲਾਕਾਤ ਕੀਤੀ



ਵਾਸ਼ਿੰਗਟਨ, ਡਿਸਟ੍ਰਿਕਟ ਆਫ ਕੋਲੰਬੀਆ, 5ਮਈ: ਬੀਤੇ ਦਿਨੀਂ ਸੰਸਾਰ ਭਰ ਵਿਚ ਸਿੱਖ ਭਾਈਚਾਰੇ ਲਈ ਧਾਰਮਿਕ ਆਜ਼ਾਦੀ ਦੇ ਮੁੱਦੇ ’ਤੇ ਚਰਚਾ ਕਰਨ ਲਈ ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਦੇ ਨੁਮਾਇੰਦਿਆਂ ਨੇ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਦੇ ਰਾਜਦੂਤ ਸੈਨ ਬਰਾਊਨਬੈਕ ਨਾਲ ਮੁਲਾਕਾਤ ਕੀਤੀ।

ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਦੇ ਨੁਮਾਇੰਦਿਆਂ ਨੇ ਫਰਾਂਸ, ਬੈਲਜੀਅਮ, ਪਾਕਿਸਤਾਨ, ਅਫਗਾਨਿਸਤਾਨ ਆਦਿ ਦੇਸ਼ਾਂ ਵਿਚ ਸਿੱਖਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਦੇ ਵੇਰਵੇ ਦੇਣ ਲਈ ਇਕ ਮੈਮੋਰੰਡਮ ਪੇਸ਼ ਕੀਤਾ ਅਤੇ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਦੇ ਦਫਤਰ ਨੂੰ ਭਾਰਤ ਵਿਚ ਸਿੱਖਾਂ ਦੇ ਮਸਲਿਆਂ ’ਤੇ ਸਖਤ ਨੋਟਿਸ ਲੈਣ ਮੰਗ ਕੀਤੀ। ਦਖਲਅੰਦਾਜ਼ੀ ਦੇ ਮੁੱਦਿਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ ਸਮੇਤ ਸਿੱਖ ਰਾਜਨੀਤਕ ਕੈਦੀਆਂ ਦੀ ਰਿਹਾਈ, ਲਗਾਤਾਰ ਵੱਧ ਰਿਹਾ ਹਿੰਦੂਤਵ ਏਜੰਡਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਅਤੇ 1984 ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਅਤੇ ਜਰਮਨ ਅਤੇ ਸੰਸਾਰ ਦੇ ਹੋਰ ਦੇਸ਼ਾਂ ਵਿਚ ਭਾਰਤ ਸਰਕਾਰ ਵਲੋਂ ਸਿੱਖ ਨਮੁਾਇੰਦਿਆਂ ਦੀ ਕੀਤੀ ਜਾ ਰਹੀ ਜਾਸੂਸੀ ਦੇ ਮੁੱਦੇ ਸ਼ਾਮਿਲ ਸਨ।

ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਦੇ ਸਪੀਕਰ ਹਰਦਿਆਲ ਸਿੰਘ ਨੇ ਕਿਹਾ ਕਿ ‘ਵਿਸ਼ਵ ਸਿੱਖ ਪਾਰਲੀਮੈਂਟ ਅਮਰੀਕਾ’ ਦਾ ਗਠਨ 10 ਨਵੰਬਰ, 2015 ਨੂੰ ਪੰਜਾਬ ਵਿੱਚ ਸੱਦੇ ਗਏ ਸਰਬੱਤ ਖਾਲਸਾ ਦੇ ਮਤੇ ਦੇ ਆਧਾਰ ’ਤੇ ਲਾਗੂ ਹੋਇਆ ਸੀ। ਇਸ ਸੰਸਥਾ ਦੇ ਮੈਂਬਰ ਹੋਣ ਦੇ ਨਾਤੇ, ਅਸੀਂ ਆਪਣੇ ਦਫਤਰ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ ਹੈ ਤਾਂ ਜੋ ਦੁਨੀਆਂ ਭਰ ਦੇ ਲੱਖਾਂ ਸਿੱਖਾਂ ਲਈ ਧਾਰਮਿਕ ਆਜ਼ਾਦੀ ਨਾਲ ਸੰਬੰਧਿਤ ਮੁੱਦਿਆਂ ਨੂੰ ਬਰਕਰਾਰ ਰੱਖਿਆ ਜਾ ਸਕੇ।

ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਦੇ ਜਨਰਲ ਸਕੱਤਰ ਹਿੰਮਤ ਸਿੰਘ ਨੇ ਕਿਹਾ, “ਜਿਨ੍ਹਾਂ ਸਿੱਖ ਕੈਦੀਆਂ ਨੇ ਆਪਣਾ ਸਮਾਂ ਪੂਰਾ ਕਰ ਲਿਆ ਹੈ, ਉਹਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਅਮਰੀਕਾ ਦੀ ਅਗਵਾਈ ਵਾਲੀ ਅੰਤਰਰਾਸ਼ਟਰੀ ਕਾਰਵਾਈ ਇਸ ਸਮੇਂ ਮੌਕੇ ਦੀ ਜਰੂਰਤ ਹੈ। ਅਸੀਂ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਨਾਲ ਸਟੇਟ ਡਿਪਾਰਟਮੈਂਟ ਨਾਲ ਕੰਮ ਕਰਨ ਦੀ ਉਮੀਦ ਰੱਖਦੇ ਹਾਂ।

ਸਵਰਨਜੀਤ ਸਿੰਘ ਖਾਲਸਾ ਮੈਂਬਰ ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਨੇ ਕਿਹਾ, “ਜੇ ਭਾਰਤ ਇਕ ਗੱਲਬਾਤ ਸ਼ੁਰੂ ਕਰਨਾ ਚਾਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਆਰਟੀਕਲ 25ਬੀ ਵਿਚ ਸੋਧ ਕਰਨੀ ਚਾਹੀਦੀ ਹੈ ਅਤੇ ਇਸ ਤੱਥ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਸਿੱਖ ਹਿੰਦੂ ਨਹੀਂ ਹਨ, ਦੂਜਾ ਇਹ ਤੱਥ ਸਵੀਕਾਰ ਕਰਨਾ ਪਵੇਗਾ ਕਿ 1984 ਦੇ ਸਿੱਖ ਵਿਰੋਧੀ ਦੰਗੇ ਪਹਿਲਾਂ ਤੋਂ ਯੋਜਨਾਬੱਧ ਸਿੱਖ ਨਸਲਕੁਸੀ ਸਨ ਅਤੇ ਤੀਸਰੀ ਗੱਲ ਇਹ ਕਿ ਸਿੱਖਾਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ‘ਰਿਫਰੈਂਡਮ 2020’ ਵਿਚ ਆਪਣੇ ਹੱਕ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਵੇ।’

ਸਿੱਖ ਆਗੂ ਪਰਮਜੀਤ ਸਿੰਘ ਨੇ ਕਿਹਾ, “ਅਸੀਂ ਅੰਬੈਸਡਰ ਨਾਲ 1800 ਤੋਂ ਵੱਧ ਸਿੱਖਾਂ ਦੇ ਅੰਕੜੇ ਸਾਂਝੇ ਕੀਤੇ ਹਨ ਜਿਹੜੇ 1984 ਤੋਂ 2006 ਦੇ ਅਤੀਤ ਵਿਚ ਹੋਏ ਵਾਧੂ ਅਦਾਲਤੀ ਪ੍ਰਕਿਰਿਆਵਾਂ ਅਤੇ ਫਰਜ਼ੀ ਮੁਕਾਬਲਿਆਂ ਵਿਚ ਮਾਰੇ ਗਏ ਸਨ। ਅਸੀਂ ਆਸ ਕਰਦੇ ਹਾਂ ਕਿ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਦਾ ਦਫਤਰ ਧਾਰਮਿਕ ਅੱਤਿਆਚਾਰ ਅਤੇ ਵਿਤਕਰੇ ਦੀ ਨਿਗਰਾਨੀ ਕਰਨਾ ਜਾਰੀ ਰੱਖੇਗਾ ਅਤੇ ਧਾਰਮਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਲਈ ਪ੍ਰੋਗਰਾਮਾਂ ਦਾ ਵਿਕਾਸ ਕਰੇਗਾ।” ਸਿੱਖ ਧਰਮ ਦੀ ਨੀਂਹ ਜਿਸ ਸਿਧਾਂਤ ਅਤੇ ਪਛਾਣ ਨਾਲ ਰੱਖੀ ਗਈ ਸੀ, ਸਿੱਖ ਵਿਰੋਧੀ ਤਾਕਤਾਂ ਉਸਨੂੰ ਤੋੜਨ ਦਾ ਲਗਾਤਾਰ ਅੰਤਰਰਾਸ਼ਟਰੀ ਪੱਧਰ ਤੇ ਯਤਨ ਕਰਨ ਰਹੀਆਂ ਹਨ। ਜਿਨ੍ਹਾਂ ਨੂੰ ਰੋਕਣਾਂ ਨੂੰ ਸਮੇਂ ਦੀ ਲੋੜ ਹੈ।

ਗੁਰਿੰਦਰ ਸਿੰਘ ਧਾਲੀਵਾਲ ਨੇ ਮਾਣਯੋਗ ਰਾਜਦੂਤ ਨੂੰ ‘ਵਰਲਡ ਸਿੱਖ ਪਾਰਲੀਮੈਂਟ’ ਦੀ ਸਥਾਪਨਾ ਸਬੰਧੀ ਵਿਸਥਾਰਪੂਵਕ ਜਾਣਕਾਰੀ ਦਿੱਤੀ ਅਤੇ ਇਸਦੇ ਮੰਤਵ ਅਤੇ ਸਿਧਾਂਤ ਬਾਰੇ ਸਪੱਸ਼ਟ ਕੀਤਾ ਅਤੇ ਸਿੱਖ ਮੁੱਦਿਆਂ ਨੂੰ ਉਭਾਰਨ ਸਬੰਧੀ ਇਸ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਿੱਖ ਆਗੂ ਸਰਨਦੀਪ ਸਿੰਘ ਅਤੇ ਜਸਮੀਤ ਸਿੰਘ ਵੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਤੇ ਮਾਣਯੋਗ ਰਾਜਦੂਤ ਨਾਲ ਉਨ੍ਹਾਂ ਨੇ ਵੀ ਆਪਣੇ ਤਜ਼ਰਬੇ ਸਾਂਝੇ ਕੀਤੇ।

# ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੇ ਆਪਣੇ 'ਜੀਵਨ ਸਾਥੀ' ਨਾਲ ਕੀਤੀ ਮੰਗਣੀ



ਔਕਲੈਂਡ, 5 ਮਈ (ਹਰਜਿੰਦਰ ਸਿੰਘ ਬਸਿਆਲਾ): ਗੱਲ ਵਿਆਹ ਜਾਂ ਰਿਸ਼ਤਿਆਂ ਦੀ ਕਰੀਏ ਤਾਂ ਵੱਖ-ਵੱਖ ਲੋਕਾਂ ਦਾ ਜੀਵਨ-ਸਾਥੀ ਚੁਨਣ ਅਤੇ ਪਰਖਣ ਦਾ ਵੱਖਰਾ-ਵੱਖਰਾ ਤਰੀਕਾ ਹੈ। ਜਿੱਥੇ ਭਾਰਤ ਵਰਗੇ ਮੁਲਕ ਦੇ ਵਿਚ ਰਿਸ਼ਤਾ ਜਾਂ ਮੰਗਣੀ ਹੋਣ ਬਾਅਦ ਉਸਦੀ ਪਕਿਆਈ ਹੋਣੀ ਸ਼ੁਰੂ ਹੁੰਦੀ ਹੈ ਉਥੇ ਵਿਦੇਸ਼ਾਂ ਦੇ ਵਿਚ ਰਿਸ਼ਤੇ ਪੱਕਾ ਹੋਣ ਦੇ ਬਾਅਦ ਮੰਗਣੀ ਅਤੇ ਵਿਆਹ ਦੀ ਆਸ ਬੱਝਦੀ ਹੈ। ਬੀਤੇ ਦਿਨੀਂ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੇ ਬੀਤੇ ਦਿਨੀਂ ਆਪਣੇ ਜੀਵਨ ਸਾਥੀ ਕਲਾਰਕ ਗੇਅਫੋਰਡ ਦੇ ਨਾਲ ਮੰਗਣੀ ਕਰਵਾ ਲਈ ਹੈ। ਇਸ ਸਬੰਧੀ ਅੱਜ ਹੀ ਖਬਰਾਂ ਪ੍ਰਕਾਸ਼ਿਤ ਹੋਈਆਂ ਹਨ। ਈਸਟਰ ਵੀਕਐਂਡ ਉਤੇ ਇਹ ਭਾਗਸ਼ਾਲੀ ਦਿਨ ਉਨ੍ਹਾਂ ਦੇ ਹਿੱਸੇ ਆਇਆ ਦੱਸਿਆ ਜਾਂਦਾ ਹੈ। ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੇ ਪਿਛਲੇ ਸਾਲ 21 ਜੂਨ ਨੂੰ ਇਕ ਬੱਚੀ ਨੂੰ ਜਨਮ ਦਿੱਤਾ ਸੀ ਅਤੇ ਇਸ ਵੇਲੇ ਉਹ 10 ਕੁ ਮਹੀਨਿਆਂ ਦੀ ਹੋ ਗਈ ਹੈ। ਉਸਦੇ ਲੰਬੇ ਸਮੇਂ ਤੋਂ ਜੀਵਨ ਸਾਥੀ ਗੇਅਫੋਰਡ ਨੇ ਇਕ ਡਾਇਮੰਡ ਦੀ ਮੰਗਣੀ ਵਾਲੀ ਮੁੰਦਰੀ ਉਨ੍ਹਾਂ ਦੇ ਪਹਿਨਾਈ ਹੈ। ਮੰਗਣੀ ਦਾ ਮਤਲਬ ਹੈ ਕਿ ਹੁਣ ਉਹ ਇਕ ਦੂਜੇ ਨੂੰ ਵਿਆਹ ਦੀ ਪੇਸ਼ਕਸ਼ ਦੇ ਕੇ 'ਵੈਡਿੰਗ ਸੈਰੇਮਨੀ' ਕਰ ਸਕਦੇ ਹਨ ਅਤੇ ਲੋਕਾਂ ਨੂੰ ਇਸ ਵਿਆਹ ਦੀ ਉਤਸੁਕਤਾ ਰਹੇਗੀ। ਪ੍ਰਧਾਨ ਮੰਤਰੀ ਜੈਸਿੰਡਾ ਦੀ ਉਮਰ 39 ਸਾਲ ਦੇ ਕਰੀਬ ਹੋਣ ਵਾਲੀ ਹੈ ਜਦ ਕਿ ਉਨ੍ਹਾਂ ਦੇ ਜੀਵਨ ਸਾਥੀ ਦੀ ਉਮਰ 42 ਕੁ ਸਾਲ ਹੋਣ ਵਾਲੀ ਹੈ।

# ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਅਤੇ ਦੇਸ਼ ਵਿਰੋਧੀ ਆਰਥਿਕ ਨੀਤੀਆਂ : ਦਸਵਿੰਦਰ ਕੌਰ

## ਵਿਦਿਆਰਥੀਆਂ ਦੀ ਵਰਦੀ ਦੀ ਹੋਈ ਘਪਲੇਬਾਜੀ ਦੀ ਸਖ਼ਤ ਨਿੰਦਾ




ਅੰਮ੍ਰਿਤਸਰ, 5 ਮਈ (ਗਿਆਨ ਸਿੰਘ): ਪੰਜਾਬ ਡੈਮੋਕਰੇਟਿਵ ਅਲਾਇੰਸ ਦੀ ਸਾਂਝੀ ਉਮੀਦਵਾਰ ਬੀਬੀ ਦਸਵਿੰਦਰ ਕੌਰ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਅਤੇ ਦੇਸ਼ ਵਿਰੋਧੀ ਆਰਥਿਕ ਨੀਤੀਆਂ ਵਿਰੁੱਧ, ਫਿਰਕਾਪ੍ਰਸਤੀ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਾਣ ਸਨਮਾਨ ਦੀ ਰਾਖੀ ਲਈ ਲੋਕ ਸਭਾ ਹਲਕਾ ਦੇ ਉਮੀਦਵਾਰ ਬੀਬੀ ਦਸਵਿੰਦਰ ਕੌਰ ਨੇ ਰੱਜ ਕੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਹਮਲਾ ਬੋਲਿਆ। ਉਹਨਾਂ ਨੇ ਕਾਂਗਰਸੀ ਅਤੇ ਪੰਜਾਬ ਦੇ ਚੋਣ ਕਮਿਸ਼ਨਰ ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਇਹਨਾਂ ਦੇ ਇਸ਼ਾਰਿਆ ਤੇ ਚੋਣ ਰੈਲੀ ਅਤੇ ਮੀਟਿੰਗਾਂ ਨਾ ਕਰਨ ਲਈ ਖਜ਼ਲ ਖੁਆਰ ਕੀਤਾ ਜਾ ਰਿਹਾ ਹੈ। ਉਹਨਾਂ ਨੇ ਕਈ ਵਾਰੀ ਜ਼ਿਲ੍ਹਾਂ ਚੋਣ ਕਮਿਸ਼ਨਰ ਨੂੰ ਚਿੱਠੀਆਂ ਵੀ ਪਾਈਆ ਤਾਂ ਵੀ ਉਸ ਚਿੱਠੀ ਦਾ ਜੁਆਬ ਤੱਕ ਨਹੀਂ ਦਿੱਤਾ ਜਾਂਦਾ ਹੈ। ਬੀਬੀ ਦਸਵਿੰਦਰ ਕੌਰ ਨੇ ਲੋਹਾਰਕਾ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਜਮ ਕੇ ਸਤਾਧਾਰੀ ਪਾਰਟੀਆਂ ਦਾ ਜਮ ਕੇ ਵਿਰੋਧ ਕੀਤਾ। ਉਹਨਾਂ ਨੇ ਕਿਹਾ ਕਿ ਜੇਕਰ ਪੰਜਾਬ ਡੈਮੋਕਰੈਟਿਵ ਅਲਾਈਂਸ ਦੇ ਉਮੀਦਵਾਰ ਬੀਬੀ ਦਸਵਿੰਦਰ ਅੰਮ੍ਰਿਤਸਰ ਸੀਟ ਨੂੰ ਜਿਤਦੇ ਹਨ ਤਾਂ ਉਹ ਪੰਜਾਬ ਦੇ ਵੱਡੇ ਮਸਲੇ ਅਤੇ ਖਾਸਕਰ ਅੰਮ੍ਰਿਤਸਰ ਦੀ ਇੰਡਸਟਰੀ ਦਾ ਮੁੱਦਾ ਪਾਰਲੀਮੈਂਟ ਵਿੱਚ ਮੁੱਖ ਰੂਪ ਵਿੱਚ ਰਖਣਗੇ। ਪੰਜਾਬ ਵਿੱਚ ਸਿੱਖਿਆ ਦਾ ਮਿਆਰ ਅਤੇ ਸਿਹਤ ਸੇਵਾਵਾਂ ਨੂੰ ਵੀ ਉੱਚ ਕੋਟੀ ਦਾ ਕੀਤਾ ਜਾਵੇਗਾ। ਪੰਜਾਬ ਸਰਕਾਰ ਵਿੱਚ ਹੋਏ ਵਿਦਿਆਰਥੀਆਂ ਦੀ ਵਰਦੀ ਦੀ ਹੋਈ ਘਪਲੇਬਾਜੀ ਦੀ ਸਖ਼ਤ ਨਿੰਦਾ ਕੀਤੀ।

ਇਸ ਮੌਕੇ ਡਾ. ਸਤਨਾਮ ਸਿੰਘ ਅਜਨਾਲਾ, ਸੰਤੋਖ ਸਿੰਘ ਸੰਤੂਨੰਗਲ, ਲਖਬੀਰ ਸਿੰਘ ਨਿਜਾਮਪੁਰਾ,ਦੇਸ਼ ਭਗਤ ਬਲਕਾਰ ਸਿੰਘ ਕੰਦੋਵਾਲੀ, ਮਾਸਟਰ ਹਰਭਜਨ ਸਿੰਘ, ਓਂਕਾਰ ਸਿੰਘ, ਮਾਤਾ ਪ੍ਰੀਤਮ ਕੌਰ ਆਦਿ ਰੈਲੀ ਵਿੱਚ ਮੌਜੂਦ ਸਨ।

# ਬੋਨੇਟ ਉੱਤੇ ਬੰਦਾ ਬੰਨ੍ਹਣ ਵਾਲੇ ਮੇਜਰ ਗੋਗੋਈ ਦੇ ਅਹੁਦੇ ਵਿੱਚ 6 ਮਹੀਨੇ ਦੀ ਕਟੌਤੀ

*** ਜੰਮੂ-ਕਸ਼ਮੀਰ ਤੋਂ ਬਾਹਰ ਭੇਜੇ ਜਾਣ ਦਾ ਵੀ ਫੈਸਲਾ**



ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਸਾਲ 2017 ਵਿੱਚਇਕ ਆਦਮੀ ਨੂੰ ਜੀਪ ਦੇ ਬੋਨੇਟ ਉੱਤੇ ਬੰਨ੍ਹ ਕੇ ਪੱਥਰ ਮਾਰਦੇ ਲੋਕ ਅੱਗੇ ਮਨੁੱਖੀ ਢਾਲ ਬਣਾਏ ਜਾਣ ਦੇ ਵਿਵਾਦਤ ਕੇਸ ਵਿੱਚਸ਼ਾਮਲ ਮੇਜਰ ਲੀਤੁਲ ਗੋਗੋਈ ਦੇ ਅਹੁਦੇ ਵਿੱਚ 6 ਮਹੀਨੇ ਦੀ ਕਟੌਤੀ ਕਰ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਕਸ਼ਮੀਰ ਘਾਟੀ ਤੋਂ ਬਾਹਰ ਭੇਜਣ ਦਾ ਵੀ ਫੈਸਲਾ ਹੋ ਗਿਆ ਹੈ, ਕਿਉਂਕਿ ਫ਼ੌਜ ਦੇ ਮੁੱਖ ਦਫ਼ਤਰ ਨੇ ਮੇਜਰ ਗੋਗੋਈ ਦੇ ਇਕ ਸਥਾਨਕ ਔਰਤ ਨਾਲ ਨੇੜਤਾ ਦੇ ਮਾਮਲੇ ਵਿੱਚ ਉਸ ਨੂੰ ਦਿੱਤੀ ਗਈ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ।

ਫੌਜ ਦੇ ਅਧਿਕਾਰੀਆਂ ਨੇ ਅੱਜ ਐਤਵਾਰ ਨੂੰ ਇਹ ਦੱਸਿਆ ਕਿ ਆਦੇਸ਼ਾਂ ਦੇ ਬਾਵਜੂਦ ਮੇਜਰ ਗੋਗੋਈ ਤੇ ਉਨ੍ਹਾਂ ਦੇ ਡਰਾਈਵਰ ਸਮੀਰ ਮੱਲਾ ਦਾਉਸ ਔਰਤ ਨਾਲ ਦੋਸਤੀ ਅਤੇ ਡਿਊਟੀ ਵਾਲੀ ਥਾਂ ਤੋਂ ਦੂਰ ਘੁੰਮਣਬਾਰੇ ਕੋਰਟ ਮਾਰਸ਼ਲ ਹੋਇਆ ਸੀ, ਜਿਸ ਵਿੱਚ ਉਹ ਦੋਸ਼ੀ ਪਾਏ ਗਏ ਸਨ। ਫ਼ੌਜ ਦੇ ਮੁੱਖ ਦਫ਼ਤਰ ਨੇ ਕੋਰਟ ਮਾਰਸ਼ਲ ਦੀ ਕਾਰਵਾਈ ਦੀ ਪੁਸ਼ਟੀ ਕਰ ਦਿੱਤੀ ਅਤੇ ਇਸ ਪਿੱਛੋਂ ਤੈਅ ਹੈ ਕਿ ਮੇਜਰ ਗੋਗੋਈ ਦਾ ਕਸ਼ਮੀਰ ਤੋਂ ਕਿਸੇ ਹੋਰ ਥਾਂ ਤਬਾਦਲਾ ਕੀਤਾ ਜਾਵੇਗਾ।

ਵਰਣਨ ਯੋਗ ਹੈ ਕਿ ਪੁਲਿਸ ਨੇ 23 ਮਈ 2018 ਨੂੰ ਇਕ ਵਿਵਾਦ ਦੇ ਬਾਅਦ ਗੋਗੋਈ ਨੂੰ ਗ੍ਰਿਫਤਾਰ ਕਰ ਲਿਆ ਸੀ। ਓਦੋਂ ਉਹ ਇੱਕ 18 ਸਾਲਾ ਮਹਿਲਾ ਨਾਲ ਸ੍ਰੀਨਗਰ ਦੇ ਇੱਕ ਹੋਟਲ ਵਿੱਚਜਬਰਦਸਤੀ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ।ਇਸ ਤੋਂ ਕੁਝ ਦਿਨ ਬਾਅਦ ਫ਼ੌਜ ਨੇ ਇਸ ਘਟਨਾ ਦੀ ਕੋਰਟ ਆਫ਼ ਇਨਕੁਆਰੀ ਦੇ ਆਦੇਸ਼ ਦਿੱਤੇ ਸਨ। ਔਰਤ ਨੇ ਅਦਾਲਤ ਵਿੱਚ ਕਿਹਾ ਸੀ ਕਿ ਉਹ ਆਪਣੀ ਮਰਜ਼ੀ ਨਾਲ ਮੇਜਰ ਗੋਗੋਈ ਨਾਲ ਗਈ ਸੀ ਅਤੇ ਉਸ ਨੇ ਇਹ ਵੀ ਕਿਹਾ ਕੀ ਉਸ ਨੇ ਉਵੈਦ ਅਰਮਾਨ ਦੇ ਇੱਕ ਨਕਲੀ ਫ਼ੇਸਬੁਕ ਅਕਾਊਂਟ ਤੋਂ ਮੇਜਰ ਗੋਗੋਈ ਨਾਲ ਦੋਸਤੀ ਕੀਤੀ ਸੀ।


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment

•Homely Environment •ਵਧੀਆ ਤਨਖਾਹ




Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

647.533.1100/416.278.7181 (9am to 6pm)



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512

905-707-1513

Molly@jfgroup.ca

Toronto Head Office: 15 wertheim court # 501 Richmond Hill, ON L4B 3H7





25 Picasso Dr

House for sale in Castlemore

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative



Dhanwant Gosal
Broker

Dir: 416-562-1176 www.jagrajsekhon.com

Century 21 People's Choice Realty Inc, Brokerage

Dir: 416-277-4153 www.gosalhomes.com



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# [illegible] ਨਗਰ ਕੀਰਤਨ ਵਿੱਚ ਸੰਗਤਾਂ ਦਾ ਅਥਾਹ ਇਕੱਠ



ਫੋਟੋ: ਕੰਵਲਜੀਤ ਕੰਵਲ






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

...ਪੰਨਾ 1 ਦਾ ਬਾਕੀ

ਨਗਰ ਕੀਰਤਨ ਦੌਰਾਨ ਇਹ ਗੱਲ ਵੀ ਨੋਟਿਸ ਕੀਤੀ ਗਈ ਕਿ ਉਂਟੇਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੋਂ ਇਲਾਵਾ ਕਿਸੇ ਹੋਰ ਨਾਮੀ ਸਿਆਸੀ ਲੀਡਰ ਨੇ ਹਿੱਸਾ ਨਹੀਂ ਲਿਆ। ਈਟੋਬੀਕੋ ਨੌਰਥ ਤੋਂ ਮੈਂਬਰ ਪਾਰਲੀਮੈਂਟ ਕ੍ਰਿਸਟੀ ਡੰਕਨ ਨੂੰ ਛੱਡ ਕੇ ਲਿਬਰਲ ਪਾਰਟੀ ਦੇ ਤਕਰੀਬਨ ਸਾਰੇ ਹੀ ਲੋਕਲ ਐਮ ਪੀ ਗੈਰਹਾਜ਼ਰ ਵੇਖੇ ਗਏ। ਜ਼ਿਕਰਯੋਗ ਹੈ ਕਿ ਕ੍ਰਿਸਟੀ ਡੰਕਨ ਨੂੰ ਸਟੇਜ ਤੋਂ ਬੋਲਣ ਦਾ ਸਮਾਂ ਨਹੀਂ ਮਿਲਿਆ। ਕੰਜ਼ਰਵੇਟਿਵ ਪਾਰਟੀ ਦੇ ਲੋਕਲ ਐਮ ਪੀ ਪੀ ਦੀਪਕ ਆਨੰਦ, ਪ੍ਰਭਮੀਤ ਸਰਕਾਰੀਆ ਅਤੇ ਅਮਰਜੋਤ ਸੰਧੂ ਨੇ ਹਾਜ਼ਰੀ ਭਰੀ। ਪ੍ਰੀਮੀਅਰ ਡੱਗ ਫੋਰਡ ਤੋਂ ਇਲਾਵਾ ਐਨ



ਫੋਟੋ: ਕੰਵਲਜੀਤ ਕੰਵਲ

ਡੀ ਪੀ ਦੀ ਡਿਪਟੀ ਲੀਡਰ ਸਾਰਾ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਬਰੈਂਪਟਨ ਮੇਅਰ ਪੈਟਰਿਕ ਬਰਾਊਨ ਸਵੇਰ ਵੇਲੇ ਮਾਲਟਨ ਗੁਰਦੁਆਰਾ ਸਾਹਿਬ ਰਸਮੀ ਹਾਜ਼ਰੀ ਲੁਆ ਕੇ ਗਏ ਜਦੋਂ ਕਿ ਮਿਸੀਸਾਗਾ ਦੀ ਮੇਅਰ ਬੌਨੀ ਕਰੌਂਬੀ ਦੀ ਗੈਰਹਾਜ਼ਰ ਨੋਟ ਕੀਤੀ ਗਈ।ਨਗਰ ਕੀਰਤ ਦੌਰਾਨ ਜਿੱਥੇ ਸਿਆਸੀ ਆਗੂਆਂ ਦੀ ਕਮੀ ਵੇਖਣ ਨੂੰ ਮਿਲੀ, ਉੱਥੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰ ਕੇ ਇਸ ਘਾਟੇ ਨੂੰ ਬਹੁਤ ਹੱਦ ਤੱਕ ਪੂਰਾ ਕੀਤਾ ਗਿਆ। ਸਮੁੱਚੇ ਰੂਟ ਉੱਤੇ 500 ਤੋਂ ਵੱਧ ਲੰਗਰ ਅਤੇ ਹੋਰ ਸੇਵਾਵਾਂ ਬਾਰੇ ਜਾਣਕਾਰੀ ਦੇਣ ਵਾਲੇ ਟੈਂਟ ਲੱਗੇ ਹੋਏ ਸਨ।

ਨਗਰ ਕੀਰਤਨ ਦੇ ਅਵਸਰ ਉੱਤੇ ਉਂਟੇਰੀਓ ਗੁਰਦੁਆਰਾ ਕਮੇਟੀ ਵੱਲੋਂ ਜੋ ਪ੍ਰੈਸ ਰੀਲੀਜ਼ ਜਾਰੀ ਕੀਤੀ ਗਈ ਉਸ ਵਿੱਚ ਫੈਡਰਲ ਸਰਕਾਰ ਵੱਲੋਂ ਅਪਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਐਲਾਨਣ ਦਾ ਜ਼ਿਕਰ ਕਰਦੇ ਹੋਏ ਸਿੱਖ ਸੰਗਤਾਂ ਨੂੰ ਮੁਬਾਰਕ ਦਿੱਤੀ ਗਈ। ਜ਼ਿਕਰਯੋਗ ਹੈ ਕਿ ਕਮੇਟੀ ਨੇ ਹੈਰੀਟੇਜ ਮੰਥ ਐਲਾਨ ਕਰਵਾਏ ਜਾਣ ਬਾਬਤ ਫੈਡਰਲ ਸਰਕਾਰ ਜਾਂ ਕਿਸੇ ਸਿਆਸੀ ਆਗੂ ਦੇ ਰੋਲ ਦਾ ਜ਼ਿਕਰ ਨਹੀਂ ਕੀਤਾ ਗਿਆ। ਪਰੈੱਸ ਰੀਲੀਜ਼ ਵਿੱਚ ਫੈਡਰਲ ਸਰਕਾਰ ਵੱਲੋਂ ਅਤਿਵਾਦ ਬਾਰੇ 2018 ਦੀ ਰਿਪੋਰਟ ਵਿੱਚ ਸਿੱਖਾਂ ਬਾਰੇ ਸ਼ਬਦਾਵਲੀ ਨੂੰ ਦੇ ਮਾਮਲੇ ਨੂੰ ਵੀ ਉਠਾਇਆ ਗਿਆ। ਕਮੇਟੀ ਵੱਲੋਂ ਰਿਪੋਰਟ ਵਿੱਚੋਂ ਬਦਲੀ ਸ਼ਬਦਾਵਲੀ ਨੂੰ ਬਹੁਤ ਢੁਕਵਾਂ ਨਾ ਬਿਆਨਦੇ ਹੋਏ ਇਸ ਰਿਪੋਰਟ ਵਿੱਚ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਦੇ ਜ਼ਿਕਰ ਨੂੰ ਉਭਾਰਿਆ ਗਿਆ ਹੈ। ਕਮੇਟੀ ਵੱਲੋਂ ਕੈਨੇਡਾ ਭਾਰਤ ਦਰਮਿਆਨ ਅਤਿਵਾਦ ਬਾਬਤ ਸਹੀ ਬਣੇ ਹੋਏ ਫਰੇਮਵਰਕ ਬਾਰੇ ਖਦਸ਼ਾ ਜ਼ਾਹਰ ਕਰਦੇ ਹੋਏ ਕੁੱਝ ਸਿੱਖਾਂ ਦੇ ਨਾਮ 'ਨੋ ਫਲਾਈ ਲਿਸਟ' ਵਿੱਚ ਦਾਖਲ ਕਰਨ ਉੱਤੇ ਚਿੰਤਾ ਜ਼ਾਹਰ ਕੀਤੀ ਗਈ। ਪਰੈੱਸ ਰੀਲੀਜ਼ ਵਿੱਚ ਗਲੋਬ ਐਂਡ ਮੇਲ ਅਖਬਾਰ ਦੀ ਉਸ ਖ਼ਬਰ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਦੇ ਉਂਟੇਰੀਓ ਦੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਹੋਣ ਵੇਲੇ ਉਸ ਉੱਤੇ ਇੱਕ ਉਮੀਦਵਾਰ ਨੂੰ ਧਰਮ ਦੇ ਆਧਾਰ ਉੱਤੇ ਬਦਲਣ ਲਈ ਜੋਰ ਪਾਇਆ ਗਿਆ ਸੀ।

## ਆਮ ਆਦਮੀ ਪਾਰਟੀ ਦਾ ਰੋਪੜ ਤੋਂ ਵਿਧਾਇਕ ਅਮਰਜੀਤ ਸੰਦੋਆ ਵੀ ਕਾਂਗਰਸ ਵਿੱਚ ਸ਼ਾਮਲ



ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਇਕ ਹੋਰ ਝਟਕਾ ਲੱਗ ਗਿਆ ਹੈ। ਹਲਕਾ ਰੂਪਨਗਰ ਤੋਂ ਇਸ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਕਾਂਗਰਸ ਵਿਚ ਚਲੇ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਵਿੱਚ ਅਮਰਜੀਤ ਸਿੰਘ ਸੰਦੋਆ ਨੂੰ ਕਾਂਗਰਸ ਪਾਰਟੀ ਵਿਚ ਸ਼ਾਮਲ ਕਰਦੇ ਹੋਏ ਉਨ੍ਹਾਂ ਦਾ ਸਵਾਗਤ ਕੀਤਾ ਹੈ।

ਵਰਨਣ ਯੋਗ ਹੈ ਕਿ ਅਮਰਜੀਤ ਸਿੰਘ ਸੰਦੋਆ ਪਿਛਲੇ ਕਈ ਦਿਨਾਂ ਤੋਂ ਆਮ ਆਦਮੀ ਪਾਰਟੀ ਤੋਂ ਫਾਸਲਾ ਪਾਈ ਜਾਂਦੇ ਸਨ। ਇਸ ਤੋਂ ਪਹਿਲਾਂ ਵੀ ਇੱਕ ਵਾਰੀ ਅਮਰਜੀਤ ਸਿੰਘ ਸੰਦੋਆ ਦੇ ਕਾਂਗਰਸ ਵਿਚ ਜਾਣ ਬਾਰੇ ਚਰਚਾ ਛਿੜੀ ਸੀ, ਜਿਸ ਨੂੰ ਉਸ ਨੇ ਇਹ ਆਖ ਕੇ ਰੱਦ ਕਰ ਦਿਤਾ ਸੀ ਕਿ ਉਹ ਆਮ ਆਦਮੀ ਪਾਰਟੀ ਦੇ ਸੱਚੇ ਸਿਪਾਹੀ ਹਨ ਅਤੇ ਕਦੇ ਵੀ ਆਪਣੇ ਆਗੂ ਅਰਵਿੰਦ ਕੇਜਰੀਵਾਲ ਦਾ ਸਾਥ ਨਹੀਂ ਛੱਡਣਗੇ। ਅਮਰਜੀਤ ਸਿੰਘ ਸੰਦੋਆ ਦੇ ਆਮ ਆਦਮੀ ਪਾਰਟੀ ਛੱਡਣ ਨਾਲ ਪੰਜਾਬ ਵਿੱਚ ਪਾਰਟੀ ਦੀ ਸਥਿਤੀ ਹੋਰ ਕਮਜ਼ੋਰ ਹੋ ਗਈ ਹੈ। ਇਸ ਤੋਂ ਪਹਿਲਾਂ ਮਾਨਸਾ ਹਲਕੇ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ ਤੇ ਸੁਖਪਾਲ ਸਿੰਘ ਖਹਿਰਾ, ਐੱਚ ਐੱਸ ਫੂਲਕਾ ਅਤੇ ਮਾਸਟਰ ਬਲਦੇਵ ਸਿੰਘ ਆਮ ਆਦਮੀ ਪਾਰਟੀ ਛੱਡ ਜਾਣ ਦੇ ਨਾਲ ਵਿਧਾਨ ਸਭਾ ਮੈਂਬਰੀ ਵੀ ਛੱਡਣ ਦਾ ਐਲਾਨ ਕਰ ਚੁੱਕੇ ਹਨ। ਅਮਰਜੀਤ ਸਿੰਘ ਸੰਦੋਆ ਦੇ ਪਾਰਟੀ ਛੱਡਣ ਮਗਰੋਂ ਇਸ ਪਾਰਟੀ ਲਈ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਅਹੁਦੇ ਵਾਸਤੇ ਸੰਕਟ ਬਣ ਗਿਆ ਹੈ। ਸੰਦੋਆ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਸੁਰਖੀਆਂ ਵਿਚ ਸਨ। ਇੱਕ ਮੌਕੇ ਉਹ ਓਦੋਂ ਵਿਵਾਦਾਂ ਵਿੱਚ ਆਏ ਸਨ, ਜਦੋਂ ਰੋਪੜ ਨੇੜਲੇ ਇਲਾਕੇ ਵਿਚ ਨਾਜਾਇਜ਼ ਮਾਈਨਿੰਗ ਵੇਖਣ ਗਏ ਤੇ ਰੇਤ-ਮਾਫ਼ੀਆ ਨੇ ਉਨ੍ਹਾਂ ਉੱਤੇ ਹਮਲਾ ਕੀਤਾ ਸੀ। ਇਸ ਮੌਕੇ ਸੰਦੋਆ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਸੀ। ਫਿਰ ਉਦੋਂ ਖਬਰਾਂ ਵਿੱਚ ਆਏ, ਜਦੋਂ ਕੈਨੇਡਾ ਦੇ ਟੋਰਾਂਟੋ ਏਅਰ ਪੋਰਟ ਤੋਂ ਉਨ੍ਹਾਂ ਨੂੰ ਮੋੜ ਦਿੱਤਾ ਗਿਆ ਤੇ ਕੈਨੇਡਾ ਵਿਚ ਸਿਆਸੀ ਮੀਟਿੰਗਾਂ ਕਰਨ ਦੀ ਆਗਿਆ ਨਹੀਂ ਸੀ ਦਿੱਤੀ ਗਈ।

## ਆਨਲਾਈਨ ਠੱਗੀ : ਪੁਲਸ ਮੁਲਾਜ਼ਮ ਤੇ ਟਰਾਂਸਪੋਰਟਰ ਦੇ ਖਾਤੇ ਤੋਂ 93 ਹਜ਼ਾਰ ਰੁਪਏ ਕੋਲਕਾਤਾ ਟਰਾਂਸਫਰ ਹੋ ਗਏ

ਕੋਟਕਪੂਰਾ, 5 ਮਈ (ਪੋਸਟ ਬਿਊਰੋ)- ਫਰੀਦਕੋਟ ਰੋਡ ਦੀ ਸਟੇਟ ਬੈਂਕ ਆਫ ਇੰਡੀਆ ਦੀ ਖੇਤੀ ਵਿਕਾਸ ਬ੍ਰਾਂਚ ਦੇ ਦੋ ਗ੍ਰਾਹਕਾਂ ਨਾਲ ਇੱਕੋ ਸਮੇਂ 93000 ਰੁਪਏ ਦੀ ਠੱਗੀ ਹੋ ਗਈ ਹੈ। ਪੀੜਤਾਂ ਵਿੱਚ ਇੱਕ ਪੰਜਾਬ ਪੁਲਸ ਦਾ ਮੁਲਾਜ਼ਮ ਅਤੇ ਦੂਸਰਾ ਨਿੱਜੀ ਬੱਸ ਕੰਪਨੀ ਦਾ ਮਾਲਕ ਦੱਸਿਆ ਜਾਂਦਾ ਹੈ। ਬਰਾਂਚ ਮੈਨੇਜਰ ਸੰਜੀਵ ਕੁਮਾਰ ਨੇ ਕਿਹਾ ਕਿ ਉਹ ਕਾਰਵਾਈ ਕਰ ਕੇ ਪੈਸੇ ਵਾਪਸ ਦਿਵਾਉਣ ਦਾ ਯਤਨ ਕਰਨਗੇ, ਪਰ ਇਸ ਵਿੱਚ ਥੋੜ੍ਹਾ ਸਮਾਂ ਲੱਗੇਗਾ। ਬਠਿੰਡਾ ਵਿੱਚ ਤੈਨਾਤ ਕੋਟਕਪੂਰਾ ਦੇ ਪੁਲਸ ਮੁਲਾਜ਼ਮ ਦਿਲਸ਼ੇਰ ਸਿੰਘ ਨੇ ਦੱਸਿਆ ਕਿ ਰਾਤ ਮੋਬਾਈਲ 'ਤੇ ਇੱਕ ਸੰਦੇਸ਼ ਆਇਆ, ਜਿਸ ਵਿੱਚ ਉਸ ਦੇ ਖਾਤੇ ਤੋਂ ਸਿਰਫ 12 ਰੁਪਏ ਯੂਕੋ ਬੈਂਕ ਵਿੱਚ ਟਰਾਂਸਫਰ ਲਈ ਛੇ ਅੰਕਾਂ ਦਾ ਓ ਟੀ ਪੀ ਆਇਆ ਸੀ। ਇਸ ਦੇ ਬਾਅਦ ਕਿਸੇ ਨੇ ਉਸ ਕੋਲੋਂ ਨਾ ਓ ਟੀ ਪੀ ਬਾਰੇ ਵਿੱਚ ਪੁੱਛਿਆ ਅਤੇ ਨਾ ਕੋਈ ਪੈਸੇ ਨਿਕਲੇ। ਸਵੇਰੇ ਕਰੀਬ ਦਸ ਵਜੇ ਉਸ ਨੂੰ ਫੋਨ ਉਤੇ ਉਸ ਦੇ ਇਸੇ ਖਾਤੇ ਵਿੱਚੋਂ 20 ਹਜ਼ਾਰ ਰੁਪਏ ਕੱਢਣ ਦਾ ਮੈਸੇਜ ਆਇਆ। ਦੋ ਮਿੰਟ ਬਾਅਦ 20 ਹਜ਼ਾਰ ਹੋਰ ਨਿਕਲਣ ਦਾ ਦੂਸਰਾ ਸੰਦੇਸ਼ ਆਇਆ। ਖਾਤਾ ਬਲਾਕ ਕਰਨ ਤੱਕ 30 ਹਜ਼ਾਰ 600 ਰੁਪਏ ਹੋਰ ਨਿਕਲ ਗਏ। ਦਿਲਸ਼ੇਰ ਦੇ ਅਨੁਸਾਰ ਬੈਂਕ ਤੋਂ ਮਿਲੇ ਰਿਕਾਰਡ ਦੇ ਅਨੁਸਾਰ ਉਸ ਦੇ ਪੈਸੇ ਕੋਲਕਾਤਾ ਦੇ ਕਿਸੇ ਜ਼ਕੀ ਅਹਿਮਦ ਦੇ ਖਾਤੇ ਵਿੱਚ ਗਏ ਹਨ। ਕੋਟਕਪੂਰਾ ਵਿੱਚ ਨਿੱਜੀ ਕੰਪਨੀ ਦੀਆਂ ਬਸਾਂ ਦੇ ਸੰਚਾਲਕ ਸਾਹਿਲ ਜੈਨ ਨੇ ਦੱਸਿਆ ਕਿ ਸਵੇਰੇ ਉਨ੍ਹਾਂ ਨੂੰ ਖਾਤੇ ਵਿੱਚੋਂ ਪਹਿਲਾਂ 20 ਹਜ਼ਾਰ ਤੇ ਉਸ ਦੇ ਸਿਰਫ ਤਿੰਨ ਮਿੰਟ ਬਾਅਦ 3500 ਰੁਪਏ ਨਿਕਲਣ ਦਾ ਮੈਸੇਜ ਆਇਆ। ਇਹ ਪੈਸੇ ਵੀ ਜ਼ਕੀ ਅਹਿਮਦ ਨਾਂਅ ਦੇ ਵਿਅਕਤੀ ਦੇ ਖਾਤੇ ਵਿੱਚ ਟਰਾਂਸਫਰ ਹੋਏ ਹਨ।

## ਗੋਰ ਰੋਡ ਮੰਦਰ ਦੇ ਪ੍ਰਧਾਨ ਨੂੰ ਬਲਾਤਕਾਰ ਕੇਸ ਵਿੱਚ ਸਜ਼ਾ

...ਪੰਨਾ 1 ਦਾ ਬਾਕੀ

ਲੜਕੀ ਅਤੇ ਪ੍ਰਵੀਨ ਸ਼ਰਮਾ ਵਿੱਚ ਵੱਟਸਐਪ ਉੱਤੇ 6 ਮਹੀਨੇ ਦੇ ਕਰੀਬ ਮੈਸੇਜ ਸਾਂਝੇ ਹੁੰਦੇ ਰਹੇ ਜਿਸ ਤੋਂ ਬਾਅਦ ਸ਼ਰਮਾ ਨੇ ਲੜਕੀ ਨੂੰ ਆਪਣੀ ਪਤਨੀ ਦੀ ਮਾਰਫ਼ਤ ਆਪਣੇ 28 ਸਤੰਬਰ ਨੂੰ ਪਰਵੀਨ ਸ਼ਰਮਾ ਦੀ ਪਤਨੀ ਭਾਰਤ ਵਿਜ਼ਟ ਕਰਨ ਗਈ। ਪੀੜਤ ਲੜਕੀ ਦਾ ਦੋਸ਼ ਹੈ ਕਿ 2 ਅਕਤੂਬਰ ਨੂੰ ਦੋਸ਼ੀ ਉਸਦੀ ਬੇਸਮੈਂਟ ਵਿੱਚ ਆਇਆ ਅਤੇ ਆਪਣੇ ਪੈਰਾਂ ਦੀ ਮਾਲਸ਼ ਕਰਨ ਲਈ ਲੜਕੀ ਨੂੰ ਕਿਹਾ। ਲੜਕੀ ਮਾਲਸ਼ ਕਰਨ ਲਈ ਜ਼ਮੀਨ ਉੱਤੇ ਬੈਠੀ ਅਤੇ ਪਰਵੀਨ ਸ਼ਰਮਾ ਮੂਧੇ ਮੂੰਹ ਬੈੱਡ ਉੱਤੇ ਲੇਟਿਆ ਅਤੇ ਥੋੜੀ ਦੇਰ ਬਾਅਦ ਉਸਨੇ ਲੜਕੀ ਦੇ ਜਿਸਮ ਨੂੰ ਛੂਹਣ ਅਤੇ ਉਸਦੇ ਕੱਪੜਿਆਂ ਅੰਦਰ ਹੱਥ ਪਾ ਕੇ ਬੇਸ਼ਰਮੀ ਭਰੀਆ ਹਰਕਤਾਂ ਆਰੰਭ ਕਰ ਦਿੱਤੀਆਂ। ਇਸਦੇ ਉਲਟ ਦੋਸ਼ੀ ਧਿਰ ਵੱਲੋਂ ਆਖਿਆ ਗਿਆ ਕਿ ਜਦੋਂ ਪ੍ਰਵੀਨ ਸ਼ਰਮਾ ਬੇਸਮੈਂਟ ਵਿੱਚ ਆਇਆ ਤਾਂ ਉਸਨੇ ਹੀਟ ਸਹੀ ਕਰਨ ਲਈ ਵੈਂਟ ਤੱਕ ਪਹੁੰਚ ਕੀਤੀ ਤਾਂ ਲੜਕੀ ਨੇ ਉਸਨੂੰ ਪਿੱਛੇ ਤੋਂ ਜੱਫ਼ੀ ਪਾਈ। ਅਦਾਲਤ ਨੇ ਬਚਾਅ ਪੱਖ ਦੀ ਇਸ ਗੱਲ ਨੂੰ ਕਬੂਲ ਨਹੀਂ ਕੀਤਾ।

ਪਰਵੀਨ ਸ਼ਰਮਾ ਦਾ ਇਹ (ਬੇਸ਼ਰਮੀ ਭਰਿਆ) ਵਰਤਾਅ ਦੋ ਦਿਨ ਤੱਕ ਜਾਰੀ ਰਿਹਾ ਜਿਸਦਾ ਲੜਕੀ ਲਗਾਤਾਰ ਇਸਦਾ ਵਿਰੋਧ ਕਰਦੀ ਰਹੀ। ਆਖਰ ਨੂੰ ਪਰੇਸ਼ਾਨ ਹੋਈ ਲੜਕੀ ਨੇ 4 ਅਕਤੂਬਰ ਨੂੰ ਸੰਦੀਪ ਬਰਾੜ ਨਾਮਕ ਇੱਕ ਜਾਣਕਾਰ ਦੀ ਮਦਦ ਨਾਲ ਬੇਸਮੈਂਟ ਛੱਡ ਦਿੱਤੀ। ਸੰਦੀਪ ਬਰਾੜ ਨੇ ਅਦਾਲਤ ਵਿੱਚ ਗਵਾਹੀ ਦਿੱਤੀ ਕਿ ਲੜਕੀ ਬਹੁਤ ਘਬਰਾਈ ਹੋਈ ਸੀ ਜਿਸਨੂੰ ਵੇਖਦੇ ਹੋਏ ਉਹ ਲੜਕੀ ਨੂੰ ਪੀਲ ਪੁਲੀਸ ਕੋਲ ਸ਼ਿਕਾਇਤ ਕਰਨ ਲਈ ਲੈ ਕੇ ਗਿਆ। ਲੜਕੀ ਨੇ ਪੁਲੀਸ ਕੋਲ 4 ਅਕਤੂਬਰ 2015 ਅਤੇ 23 ਜਨਵਰੀ 2018 ਨੂੰ ਵੀਡੀਓ ਟੇਪ ਕਰਕੇ ਆਪਣੇ ਬਿਆਨ ਦਰਜ਼ ਕਰਵਾਏ ਜਿਹਨਾਂ ਨੂੰ ਅਦਾਲਤ ਨੇ ਕਾਫੀ ਭਰੋਸੇ ਯੋਗ ਮੰਨਿਆ।

ਇਸਤੋਂ ਉਪਰੰਤ ਮਾਮਲੇ ਨੂੰ ਰਫਾ ਦਫ਼ਾ ਕਰਨ ਦੇ ਇਰਾਦੇ ਨਾਲ ਲੜਕੀ ਦੇ ਪਿਤਾ ਦੇ ਦੋਸਤ ਹਰਭਗਵਾਨ ਮੱਕੜ ਦੇ ਘਰ ਇੱਕ ਮੀਟਿੰਗ ਹੋਈ ਜਿਸ ਵਿੱਚ ਮੰਦਰ ਦੇ ਪੁਜਾਰੀ ਅਭੈ ਦੇਵ ਸ਼ਰਮਾ ਨੇ ਸ਼ਮੂਲੀਅਤ ਕੀਤੀ। ਅਭੈ ਦੇਵ ਨੇ ਲੜਕੀ ਨੂੰ ਮੰਦਰ ਦੀ ਇੱਜ਼ਤ ਰੱਖਣ ਲਈ ਪੈਸੇ ਲੈ ਕੇ ਕੇਸ ਵਾਪਸ ਲੈਣ ਦੀ ਪੇਸ਼ਕਸ਼ ਕੀਤੀ। ਅਭੈ ਦੇਵ ਨੇ ਕਿਹਾ ਕਿ ਜੇ ਉਹ ਕੇਸ ਵਾਪਸ ਲੈ ਲਵੇ ਤਾਂ ਪਰਵੀਨ ਸ਼ਰਮਾ ਜਾਂ ਮੰਦਰ ਵੱਲੋਂ ਲੜਕੀ ਦੀ ਮਦਦ ਕੀਤੀ ਜਾ ਸਕਦੀ ਹੈ। ਲੜਕੀ ਨੇ ਅਦਾਲਤ ਵਿੱਚ ਕਿਹਾ ਕਿ ਉਸਨੇ ਕਦੇ ਵੀ ਇਹ ਗੱਲ ਕਬੂਲ ਨਹੀਂ ਕੀਤੀ ਕਿ ਉਹ 50 ਹਜ਼ਾਰ ਡਾਲਰ ਲੈ ਕੇ ਕੇਸ ਨੂੰ ਵਾਪਸ ਲੈ ਲਵੇਗੀ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਹਰ ਪੱਖ ਨੂੰ ਘੋਖਣ ਤੋਂ ਬਾਅਦ ਪੀੜਤ ਲੜਕੀ ਨੂੰ ਨਿਰਦੋਸ਼ ਮੰਨਿਆ ਜਾਂਦਾ ਹੈ। ਦੋਸ਼ੀ ਪਰਵੀਨ ਸ਼ਰਮਾ ਨੇ ਅਦਾਲਤ ਵਿੱਚ ਕੋਈ ਗਵਾਹੀ ਨਹੀਂ ਭਰੀ ਜਿਸਨੂੰ ਅਦਾਲਤ ਨੇ ਉਸਦੇ ਹੱਕ ਵਜੋਂ ਸਵੀਕਾਰ ਕੀਤਾ। ਦੋਸ਼ੀ ਪਰਵੀਨ ਸ਼ਰਮਾ ਦਾ ਉਹ ਡੀ ਐਨ ਏ ਟੈਸਟ ਅਦਾਲਤ ਵਿੱਚ ਗਵਾਹੀ ਵਜੋਂ ਜਰੂਰ ਪੇਸ਼ ਕੀਤਾ ਗਿਆ ਜਿਸ ਵਿੱਚ ਪਾਇਆ ਗਿਆ ਕਿ ਉਸਦੇ ਵੀਰਜ ਦੇ ਅੰਸ਼ ਲੜਕੀ ਦੇ ਗੁਪਤ ਅੰਗਾਂ ਨੂੰ ਲੱਗੇ ਹੋਏ ਸਨ। ਅਦਾਲਤ ਨੇ ਮੰਨਿਆ ਕਿ ਸੁਆਲ ਇਹ ਨਹੀਂ ਕਿ ਦੋਸ਼ੀ ਨੇ ਲੜਕੀ ਨਾਲ ਜਿਸਮਾਨੀ ਸਬੰਧ ਬਣਾਏ (ਜੋ ਕਿ ਸਾਬਤ ਹੈ) ਸਗੋਂ ਅਦਾਲਤ ਨੇ ਸਿਰਫ਼ ਇਹ ਵੇਖਣਾ ਹੈ ਕਿ ਕੀ ਇਹ ਸਬੰਧ ਜਬਰੀ ਬਣਾਏ ਗਏ ਜਾਂ ਦੋਵਾਂ ਦੀ ਆਪਸੀ ਸਹਿਮਤੀ ਨਾਲ ਬਣੇ। ਅੰਤ ਨੂੰ ਅਦਾਲਤ ਨੇ ਇਹ ਸਬੰਧ ਦੋਸ਼ੀ ਵੱਲੋਂ ਲੜਕੀ ਨਾਲ ਜਬਰੀ ਬਣਾਏ ਗਏ ਮੰਨੇ ਗਏ।

ਅਦਾਲਤ ਨੇ ਮੰਦਰ ਦੇ ਪੁਜਾਰੀ ਅਭੈ ਦੇਵ ਸ਼ਰਮਾ ਦੀ ਗਵਾਹੀ ਨੂੰ ਯਕੀਨ ਕਰਨ ਯੋਗ ਨਹੀਂ ਮੰਨਿਆ ਕਿਉਂਕਿ ਉਹ ਅਦਾਲਤ ਵਿੱਚ ਗਵਾਹੀ ਦੇਣ ਵੇਲੇ ਖੁੱਲ ਕੇ ਗੱਲ ਨਹੀਂ ਸੀ ਕਰਦਾ ਸਗੋਂ ਅਦਾਲਤ ਨੂੰ ਉਸਦੇ ਮੂੰਹ ਤੋਂ ਗੱਲ ਕਰਵਾਉਣ ਲਈ ਵਾਰ 2 ਪੁੱਛਣਾ ਪੈਂਦਾ ਰਿਹਾ। ਅਦਾਲਤ ਨੇ ਇਹ ਵੀ ਕਿਹਾ ਕਿ ਲੜਕੀ ਦੀ ਗੱਲਬਾਤ ਅਤੇ ਕਹਾਣੀ ਯਕੀਨ ਕਰਨ ਵਾਲੀ ਹੈ ਕਿਉਂਕਿ ਉਸਨੇ ਆਪਣੇ ਬਿਆਨ ਇਸ ਢੰਗ ਨਾਲ ਦਾਖ਼ਲ ਕੀਤੇ ਜੋ ਸਪੱਸ਼ਟ, ਪ੍ਰਭਾਵ ਪਾਉਣ ਵਾਲੇ ਅਤੇ ਦਲੀਲ ਵਾਲੇ ਸਨ।

ਮਾਣਯੋਗ ਜੱਜ ਵੂਲਕੌਂਬ ਜੇ (Woollcombe J. ) ਨੇ ਫੈਸਲੇ ਵਿੱਚ ਲਿਖਿਆ ਹੈ ਕਿ ਲੜਕੀ ਨੇ 2 ਅਕਤੂਬਰ 2015 ਅਤੇ 3 ਅਕਤੂਬਰ 2015 ਨੂੰ ਹੋਈ ਵਾਰਦਾਤ ਬਾਰੇ ਜੋ ਗੱਲਾਂ ਆਖੀਆਂ ਉਹ ਯਕੀਨ ਕਰਨ ਯੋਗ ਹਨ ਅਤੇ ਮੈਂ ਸਰਕਾਰੀ ਵਕੀਲਾਂ ਦੀ ਇਸ ਦਲੀਲ ਨਾਲ ਸਹਿਮਤ ਹਾਂ ਕਿ ਪਰਵੀਨ ਸ਼ਰਮਾ ਨੇ ਲੜਕੀ ਨਾਲ ਸੈਕਸੁਅਲ ਜਬਰ ਕੀਤਾ ਜਿਸ ਦੇ ਆਧਾਰ ਉੱਤੇ ਉਸਨੂੰ ਗੁਨਾਹਗਾਰ ਪਾਇਆ ਜਾਂਦਾ ਹੈ।

ਨੈਸ਼ਨਲ ਪੋਸਟ ਦੀ ਖ਼ਬਰ ਮੁਤਾਬਕ ਵਾਰਦਾਤ ਵਾਲਾ ਮਕਾਨ ਦੋਸ਼ੀ ਪਰਵੀਨ ਸ਼ਰਮਾ ਦਾ ਹੈ ਜਿਸ ਵਿੱਚ ਉਹ ਆਪਣੀ ਪਤਨੀ ਅਤੇ 26 ਸਾਲਾ ਲੜਕੇ ਨਾਲ ਰਹਿੰਦਾ ਹੈ। ਨੈਸ਼ਨਲ ਪੋਸਟ ਮੁਤਾਬਕ ਦੋਸ਼ੀ ਪਰਵੀਨ ਸ਼ਰਮਾ ਦਾ ਵਕੀਲ ਇਸ ਫੈਸਲੇ ਨੂੰ ਚੁਣੌਤੀ ਦੇਣ ਲਈ ਤਿਆਰੀ ਕਰ ਰਿਹਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.CO

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ●For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

# ਵਿਆਹ ਲਈ ਕੁੜੀ ਦੀ ਚੋਣ ਦੇ ਪੈਮਾਨਿਆਂ ਦਾ ਕੱਚ ਸੱਚ

-ਚਰਨਜੀਤ ਕੌਰ ਭੁੱਲਰ-



ਇਕ ਵਾਰ ਮੈਂ ਰੇਲ ਗੱਡੀ ਵਿੱਚ ਬੈਠੀ ਪਟਿਆਲਾ ਤੋਂ ਬਠਿੰਡਾ ਜਾ ਰਹੀ ਸਾਂ। ਮੇਰੀ ਸਾਹਮਣੀ ਸੀਟ 'ਤੇ ਦੋ ਔਰਤਾਂ ਆਪਸ ਵਿੱਚ ਗੁਫਤਗੂ 'ਚ ਮਸਰੂਫ ਸਨ। ਉਨ੍ਹਾਂ ਦੀ ਗੁਫਤਗੂ ਵਿੱਚ ਬਿਨਾਂ ਖਲਲ ਪਾਏ ਮੈਂ ਉਨ੍ਹਾਂ ਨੂੰ ਸੁਣ ਰਹੀ ਸੀ, ਪਰ ਉਹ ਦੋਵੇਂ ਇਸ ਗੱਲੋਂ ਵਾਕਫ ਨਹੀਂ ਸਨ। ਇਕ ਔਰਤ ਦੂਜੀ ਨੂੰ ਬਹੁਤ ਮਾਣ ਨਾਲ ਦੱਸ ਰਹੀ ਸੀ, 'ਮੇਰੇ ਮੁੰਡੇ ਨੇ ਵਿਆਹ ਦੀ ਸਾਰੀ ਜ਼ਿੰਮੇਵਾਰੀ ਸਾਨੂੰ ਸੌਂਪ ਦਿੱਤੀ, ਕਹਿੰਦਾ 'ਮੇਰੇ ਲਈ ਕੁੜੀ ਤੁਸੀਂ ਆਪ ਲੱਭਣੀ ਹੈ, ਜਿੱਦਾਂ ਦੀ ਲੱਭੋਗੇ, ਮੈਨੂੰ ਮਨਜ਼ੂਰ ਹੈ।' ਇਹ ਗੱਲ ਦੱਸਦਿਆਂ ਬਹੁਤ ਮਾਣ ਮਹਿਸੂਸ ਕਰ ਰਹੀ ਸੀ, ਜਿਵੇਂ ਸਾਰੀ ਦੁਨੀਆ ਦੀ ਜੰਗ ਦਾ ਫੈਸਲਾ ਉਸ ਦੇ ਹੱਕ ਵਿੱਚ ਹੋਇਆ ਹੋਵੇ। ਗੁਫਤਗੂ ਦੌਰਾਨ ਉਹ ਆਪਣੀ ਨੂੰਹ ਦੀ ਚੋਣ ਬਾਰੇ ਪੈਮਾਨੇ ਵੀ ਮਿੱਥ ਰਹੀ ਸੀ, ਜੋ ਬਹੁਤ ਹੈਰਾਨੀ ਜਨਕ ਸਨ। ਉਹ ਕਹਿ ਰਹੀ ਸੀ, 'ਮੈਂ ਮੁੰਡੇ ਨੂੰ ਕਿਹਾ ਕਿ ਤੈਨੂੰ ਵਹੁਟੀ ਪਰੀਆਂ ਵਰਗੀ ਲਿਆ ਕੇ ਦੇਊ।' ਜੇ ਇਕ ਵਾਕ ਦੀ ਡੂੰਘਾਈ ਤੱਕ ਜਾਈਏ ਤਾਂ ਅਜੋਕੇ ਦੌਰ ਦੇ ਮਨੁੱਖੀ ਸਮਾਜ ਦੀ ਮਾਨਸਿਕਤਾ ਦਾ ਪੱਧਰ ਪਤਾ ਲੱਗਦਾ ਹੈ। ਅਸੀਂ ਕੁੜੀ ਦੀ ਸਰੀਰਕ ਸੁਦੰਰਤਾ ਨੂੰ ਹੀ ਚੋਣ ਦਾ ਆਖਰੀ ਪੈਮਾਨਾ ਮਿੱਥ ਲਿਆ ਹੈ। ਕੀ ਕਾਬਲੀਅਤ ਤੇ ਹੁਨਰ ਦੀ ਸਾਡੇ ਕੋਲ ਕੋਈ ਕਦਰ ਨਹੀਂ? ਕੀ ਅੱਜ ਅਸੀਂ ਰਿਸ਼ਤਿਆਂ ਦੀ ਨੀਂਹ ਇਨ੍ਹਾਂ ਪੁਰਾਣੇ ਪੈਮਾਨਿਆਂ 'ਤੇ ਰੱਖ ਸਕਦੇ ਹਾਂ?

ਸਾਡੇ ਸਮਾਜ ਨੇ ਅਤੀਤ ਵਿੱਚ, ਜਦੋਂ ਔਰਤ ਦੀ ਹੋਂਦ ਪੂਰੀ ਤਰ੍ਹਾਂ 'ਪਰ-ਨਿਰਭਰਤਾ ਵਾਲੀ' ਸੀ ਤਾਂ ਵਿਆਹ ਲਈ ਕੁਝ ਪੈਮਾਨੇ ਮਿੱਥੇ ਸਨ, ਜੋ ਅਜੋਕੀ ਔਰਤ ਦੀ ਹੋਂਦ ਨਾਲ ਇਨਸਾਫ ਨਹੀਂ ਕਰਦੇ। ਵਿਆਹ ਵਿੱਚ ਸਭ ਤੋਂ ਅਹਿਮ ਕਾਰਜ ਲਾੜਾ ਲਾੜੀ ਦੀ ਚੋਣ ਹੁੰਦਾ ਹੈ। ਇਹ ਸਭ ਤੋਂ ਔਖਾ ਤੇ ਸੂਝ ਬੂਝ ਦਾ ਕੰਮ ਹੈ, ਕਿਉਂਕਿ ਕੁੜੀ ਮੁੰਡੇ ਦੇ ਹਾਣ ਦਾ ਰਿਸ਼ਤਾ ਲੱਭਣਾ, ਪਰਵਾਰਕ ਤੰਦਾਂ ਦਾ ਮਿਲਣਾ ਆਦਿ ਬਹੁਤ ਮਹੱਤਵ ਪੂਰਨ ਪੱਖ ਹਨ। ਅਜੋਕੇ ਦੌਰ ਵਿੱਚ ਵੀ ਰਿਸ਼ਤੇ ਸਮੇਂ ਆਮ ਤੌਰ 'ਤੇ ਕੁੜੀ ਦੇ ਸੁਹੱਪਣ ਤੇ 'ਚਰਿੱਤਰ' ਅਤੇ ਮੁੰਡੇ ਦੀ ਜਾਇਦਾਦ ਤੇ 'ਕੱਦ ਕਾਠ' ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ।

ਸਾਡੇ ਪੈਮਾਨੇ ਹਨ ਕਿ ਕੁੜੀ ਸੋਹਣੀ, ਸੁੰਦਰ, ਸੁਸ਼ੀਲ ਅਤੇ 'ਚਰਿੱਤਰਵਾਨ' ਹੋਵੇ। ਸੋਹਣੀ ਤੇ ਸੁੰਦਰ ਤੋਂ ਭਾਵ ਗੋਰਾ ਰੰਗ, ਤਿੱਖਾ ਨੱਕ, ਲੰਬੀ ਤੇ ਪਤਲੀ। 'ਚਰਿੱਤਰਵਾਨ' ਦਾ ਅਰਥ ਦੱਸਣ ਦੀ ਲੋੜ ਨਹੀਂ। ਕੀ ਸੁੰਦਰਤਾ ਅਤੇ ਖੂਬਸੂਰਤੀ ਦੇ ਇਹੀ ਮਿਆਰ ਹਨ? ਸੁੰਦਰਤਾ ਨੂੰ ਅਸੀਂ ਬਾਹਰੀ ਤੌਰ ਉੱਤੇ ਅਨੁਭਵ ਨਹੀਂ ਕਰ ਸਕਦੇ, ਕੁੜੀ ਦੀ ਸੁੰਦਰਤਾ ਉਸ ਦੇ ਸੋਹਣੇ, ਖੂਬਸੂਰਤ, ਮਜ਼ਬੂਤ ਅਤੇ ਆਜ਼ਾਦ ਖਿਆਲਾਂ ਵਿੱਚ ਵੀ ਹੁੰਦੀ ਹੈ, ਜਿਨ੍ਹਾਂ ਖਿਆਲਾਂ ਨੂੰ ਆਮ ਤੌਰ 'ਤੇ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਉਸ ਦੀ ਸੁੰਦਰਤਾ ਉਸ ਦੇ ਫੈਸਲੇ ਲੈਣ ਦੀ ਕਾਬਲੀਅਤ, ਸਮਝਦਾਰੀ ਤੇ ਹੁਨਰ ਤੋਂ ਦੇਖਣੀ ਚਾਹੀਦੀ ਹੈ, ਨਾ ਕਿ ਸਰੀਰਕ ਅੰਗਾਂ ਤੋਂ। ਅਸੀਂ ਅਕਸਰ ਸੁਣਦੇ ਹਾਂ, 'ਨੂੰਹ ਏਦਾਂ ਦੀ ਲਿਆਉਣੀ ਆਂ, ਜੋ ਵਿਹੜੇ ਵਿੱਚ ਤੁਰਦੀ ਫਿਰਦੀ ਸੋਹਣੀ ਲੱਗੇ।' ਸਵਾਲ ਉਠਦਾ ਹੈ ਕਿ ਲੋਕਾਂ ਨੂੰ ਨੂੰਹ ਚਾਹੀਦੀ ਹੈ ਜਾਂ 'ਬਿਊਟੀ ਕੁਈਨ'। ਕੀ ਕੁੜੀ ਦਾ ਸ਼ਕਲੋਂ ਸੋਹਣਾ ਹੋਣਾ ਹੀ ਪ੍ਰਾਪਤੀ ਹੈ? ਸ਼ਕਲ ਦੇ ਸੁਹੱਪਣ ਵਿੱਚ ਕਿਸੇ ਦਾ ਆਪਣਾ ਕੋਈ ਦਖਲ ਨਹੀਂ ਹੁੰਦਾ। ਸਾਂਵਲਾ/ ਗੋਰਾ ਰੰਗ, ਫੀਨਾ/ ਤਿੱਖਾ ਨੱਕ ਅਤੇ ਮੱਧਰਾ/ ਲੰਬਾ ਕੱਦ ਹੋਣ ਵਿੱਚ ਕਿਸੇ ਦਾ ਕੀ ਦਖਲ ਹੈ? ਇਹ ਸਭ ਜਨਮ ਅਤੇ ਕੁਦਰਤ ਅਨੁਸਾਰ ਹੁੰਦਾ ਹੈ। ਇਨਸਾਨ ਦੀ ਕਮਾਈ ਸਮਝ ਅਤੇ ਸੂਝ ਤੋਂ ਨਾਪਣੀ ਚਾਹੀਦੀ ਹੈ। ਕੀ ਅਸੀਂ ਕੁੜੀ ਨੂੰ ਇਨਸਾਨ ਦੇ ਪੈਮਾਨਿਆਂ ਅਨੁਸਾਰ ਦੇਖਣ ਦੀ ਆਦਤ ਨਹੀਂ ਪਾ ਸਕਦੇ?

ਸਮਾਜ ਵਿੱਚ ਕੁੜੀ ਦੀ 'ਸਿਆਣਪ' ਦੇ ਆਪਣੇ ਮਿਆਰ ਹਨ। ਕੁੜੀ ਘੱਟ ਬੋਲਣ ਵਾਲੀ, ਕਿਸੇ ਗੱਲ ਦਾ ਪਲਟ ਕੇ ਜਵਾਬ ਨਾ ਦੇਣ ਵਾਲੀ, ਸਾਊ, ਸੰਗਾਊ, ਸੰਸਕਾਰੀ, ਭਾਵ 'ਸਿਆਣਪ ਦੀ ਮੂਰਤ' ਹੋਵੇ। ਕੀ ਵਾਕਿਆ ਹੀ ਇਹ ਸਿਆਣਪ ਦੇ ਪੈਮਾਨੇ ਹਨ? ਸਾਡਾ ਸਮਾਜ ਇੰਨਾ ਨਿੱਘਰ ਗਿਆ ਹੈ ਕਿ ਉਹ ਅਜੋਕੇ ਦੌਰ ਵਿੱਚ ਸਿਆਣਪ ਦੇ ਅਸਲੀ ਅਰਥ ਨਹੀਂ ਸਮਝਦਾ। ਸਾਨੂੰ ਸਿਆਣਪ ਦੀ ਪਰਿਭਾਸ਼ਾ ਬਦਲਣੀ ਪਾਵੇਗੀ। ਅੱਜ ਤੇਜ਼ ਬੁੱਧੀ, ਹਰ ਕੰਮ ਵਿੱਚ ਭਾਗ ਲੈਣ ਵਾਲੀ ਚੁਸਤ, ਤੇਜ਼ ਤਰਾਰ, ਚੰਗੀ ਸਲਾਹਕਾਰ, ਚੰਗੀ ਫੈਸਲੇਕਾਰ ਵਜੋਂ ਕੁੜੀ ਦੀ ਸਿਆਣਪ ਨੂੰ ਪਰਿਭਾਸ਼ਿਤ ਕਰਨਾ ਚਾਹੀਦਾ ਹੈ। ਸਾਡੇ ਸਮਾਜ ਨੂੰ ਏਦਾਂ ਦੀ ਕੁੜੀ ਦੀ ਹਰ ਘਰ ਵਿੱਚ ਮੰਗ ਕਰਨੀ ਚਾਹੀਦੀ ਹੈ, ਨਾ ਕਿ ਕਿਸੇ ਬੇਜਾਨ ਵਸਤੂ ਦੀ ਜੋ ਸੁੰਦਰਤਾ ਦੀ ਮੂਰਤ ਬਣ ਕੇ ਘਰ ਦੇ ਕਿਸੇ ਕੋਨੇ ਤੱਕ ਮਹਿਦੂਦ ਰਹਿ ਜਾਵੇ। ਕੁੜੀ ਦੀ ਸਿਆਣਪ ਦੇ ਮਸਲੇ ਦੀ ਰਹਿੰਦੀ ਕਸਰ ਮੈਰਿਜ ਬਿਊਰੋ ਵਾਲੀਆਂ ਵੈਬਸਾਈਟਾਂ ਪੂਰੀ ਕਰਦੀਆਂ ਹਨ। ਇਕ ਮੈਟਰੀਮੋਨੀਅਲ ਵੈਬਸਾਈਟ ਦੀ ਟੈਗਲਾਈਨ ਹੀ ਇਹ ਹੈ; 'ਪਰਫੈਕਟ ਮੇਲ ਆਰਡਰ ਦੁਲਹਨ' ਦੀ ਤੁਹਾਡੀ ਖੋਜ ਖਤਮ ਹੋਈ, 'ਦੁਲਹਨ ਆਪਕੀ ਹਰ ਕਸੌਟੀ ਪਰ ਖਰੀ ਉਤਰੇਗੀ।' ਇਨ੍ਹਾਂ ਸਤਰਾਂ ਤੋਂ ਜਾਪਦਾ ਹੈ ਕਿ ਕੁੜੀ ਕੋਈ ਫੈਸ਼ਨੇਬਲ ਡਿਜ਼ਾਈਨਰ ਗੁੱਡੀ ਹੈ, ਜਿਸ ਨੂੰ ਗਾਹਕ ਦੀ ਲੋੜ ਵਾਸਤੇ ਤਿਆਰ ਕੀਤਾ ਜਾਂਦਾ ਹੈ। ਇਹੋ ਨਹੀਂ ਵੱਖ-ਵੱਖ ਵੈਬਸਾਈਟਾਂ 'ਤੇ ਵਹੁਟੀਆਂ ਦੀਆਂ ਸ਼੍ਰੇਣੀਆਂ ਹਨ- 'ਘਰੇਲੂ', 'ਆਗਿਆਕਾਰੀ', 'ਬੱਚਤ ਫੋਕਸਡ', 'ਲੋਅ ਮੈਂਟੇਨੈਂਸ', 'ਐਨ ਆਰ ਆਈ', 'ਫਾਈਵ ਸਟਾਰ ਤੌਰ ਤਰੀਕਿਆਂ ਵਾਲੀ' ਆਦਿ। ਡੂੰਘਾਈ ਨਾਲ ਦੇਖਿਆ ਜਾਵੇ ਤਾਂ ਵੈਬਸਾਈਟਾਂ 'ਤੇ ਛਪਣ ਵਾਲੇ ਵਿਆਹ ਦੇ ਇਨ੍ਹਾਂ ਇਸ਼ਤਿਹਾਰਾਂ ਦੀ ਭਾਸ਼ਾ ਸਮਾਜ ਦੀ ਉਸ ਮਾਨਸਿਕਤਾ ਦਾ ਹੀ ਤਾਂ ਅਕਸ ਹੈ, ਜੋ ਅੱਜ ਵੀ ਰੂੜ੍ਹ ਧਾਰਨਾਵਾਂ ਦੀ ਜਕੜ ਤੋਂ ਆਜ਼ਾਦ ਨਹੀਂ ਹੋ ਸਕੀ।

ਅੱਜ ਕੱਲ੍ਹ ਵੀ ਪਹਿਲਾਂ ਕੁੜੀ ਮੁੰਡੇ ਦੇ ਮਾਪੇ ਰਿਸ਼ਤੇ ਨੂੰ ਪਸੰਦ ਕਰਦੇ ਹਨ ਤੇ ਬਾਅਦ ਵਿੱਚ ਮੁੰਡੇ ਤੇ ਕੁੜੀ ਨੂੰ ਇਕ ਦੂਜੇ ਨੂੰ ਵਿਖਾਉਣ ਦੀ ਰਸਮ ਕੀਤੀ ਜਾਂਦੀ ਹੈ। ਕੁੜੀ ਮੁੰਡਾ ਆਪਸ ਵਿੱਚ ਰਸਮੀ ਜਿਹੀ ਗੱਲਬਾਤ ਕਰਦੇ ਹਨ ਤੇ ਘਰ ਜਾ ਕੇ ਮੁੰਡਾ ਆਪਣੀ ਹਾਂ ਜਾਂ ਨਾ ਦੱਸ ਦਿੰਦਾ ਹੈ। ਜਦੋਂ ਤੱਕ ਮੁੰਡੇ ਵਾਲਿਆਂ ਵੱਲੋਂ 'ਹਾਂ' ਦਾ ਸੁਨੇਹਾ ਨਹੀਂ ਆਉਂਦਾ, ਉਦੋਂ ਤੱਕ ਕੁੜੀ ਜਿੰਨੇ ਮਾਨਸਿਕ ਤਣਾਅ ਤੋਂ ਲੰਘਦੀ ਹੈ, ਉਸ ਨੂੰ ਬਿਆਨ ਕਰਨਾ ਔਖਾ ਹੈ। ਸਾਡੇ ਸਮਾਜ ਨੇ ਕੁੜੀਆਂ ਦੀ ਸੁੰਦਰਤਾ ਅਤੇ ਸਿਆਣਪ ਦੇ ਜੋ ਪੈਮਾਨੇ ਮਿੱਥੇ ਹਨ, ਉਹ ਕੁੜੀਆਂ ਦੀ ਮਾਨਸਿਕਤਾ 'ਤੇ ਬਹੁਤ ਮਾਰੂ ਪ੍ਰਭਾਵ ਪਾਉਂਦੇ ਹਨ। ਜੇ ਮੁੰਡੇ ਦਾ ਪਰਵਾਰ ਕੁੜੀ ਨੂੰ ਦੇਖ ਕੇ ਨਾਂਹ ਵਿੱਚ ਜਵਾਬ ਦਿੰਦਾ ਹੈ ਤਾਂ ਕੁੜੀ ਦੇ ਰਿਸ਼ਤੇਦਾਰ ਅਤੇ ਆਂਢ ਗੁਆਂਢ ਉਸ ਨੂੰ ਹੀਣਤਾ ਮਹਿਸੂਸ ਕਰਾਉਂਦੇ ਹਨ। ਇਸ ਲਈ ਕੁੜੀ ਦਾ ਪਰਵਾਰ 'ਦਿਖਾਈ ਰਸਮ' ਨੂੰ ਪਰਦੇ ਵਿੱਚ ਰੱਖਦਾ ਹੈ। ਮੁੰਡੇ ਦਾ ਪਰਵਾਰ 'ਹਾਂ' ਵਿੱਚ ਜਵਾਬ ਦੇਵੇ ਤਾਂ ਸਮਾਜ ਉਸ ਕੁੜੀ ਨੂੰ ਕਰਮਾਂ ਵਾਲੀ, ਸੋਹਣੀ, ਹੁਸ਼ਿਆਰ ਆਦਿ ਵਿਸ਼ੇਸ਼ਣ ਦਿੰਦਾ ਹੈ। ਇਥੇ ਇਹ ਕਹਿਣਾ ਵਾਜਬ ਹੈ ਕਿ ਕਿਸੇ ਦੀ 'ਹਾਂ' ਜਾਂ 'ਨਾਂਹ' ਕੁੜੀ ਦੇ ਸੁਹੱਪਣ ਜਾਂ ਸਿਆਣਪ ਉੱਤੇ ਸਵਾਲੀਆ ਨਿਸ਼ਾਨ ਨਹੀਂ ਲਾ ਸਕਦੀ। ਮੁੰਡੇ ਦੇ ਪਰਵਾਰ ਦੀ 'ਹਾਂ', 'ਨਾਂਹ' ਕੁੜੀ ਦੀ ਯੋਗਤਾ ਦਾ ਸਰਟੀਫਿਕੇਟ ਨਹੀਂ। ਸਾਡੇ ਸਮਾਜ ਵਿੱਚ ਜਦੋਂ 'ਕੁੜੀ ਦਿਖਾਈ' ਰਸਮ ਹੁੰਦੀ ਹੈ ਤਾਂ ਸਾਰੇ ਹੱਕ ਮੁੰਡੇ ਦੇ ਪਰਵਾਰ ਨੂੰ ਦਿੱਤੇ ਜਾਂਦੇ ਹਨ ਕਿ ਮੁੰਡਾ ਧਿਰ ਸਿਰਫ ਕੁੜੀ ਨੂੰ ਦੇਖਣ ਆ ਰਹੀ ਹੈ। ਕੁੜੀ ਨੂੰ ਕਠਪੁਤਲੀ ਵਾਂਗ ਬਿਠਾਇਆ ਜਾਂਦਾ ਹੈ। ਉਸ ਨੂੰ ਵੀ ਇਹ ਹੱਕ ਦੇਣ ਦਾ ਵੇਲਾ ਆ ਗਿਆ ਹੈ ਕਿ ਉਹ ਆਪਣੇ ਸਵਾਲਾਂ ਦੇ ਜਵਾਬ ਲਵੇ ਅਤੇ ਇਸ ਗੱਲ ਦੀ ਜਾਂਚ ਕਰੇ ਕਿ ਉਸ ਪਰਵਾਰ ਵਿੱਚ ਰਹਿ ਸਕਦੀ ਹੈ ਜਾਂ ਨਹੀਂ। ਜੇ ਕੁੜੀ ਨੂੰ ਅੱਗਲੀ ਧਿਰ ਦੀ ਕੋਈ ਗੱਲ ਸਹੀ ਨਹੀਂ ਲੱਗਦੀ ਤਾਂ ਨਾਂਹ ਕਰਨ ਦਾ ਹੱਕ ਹੋਣਾ ਚਾਹੀਦਾ ਹੈ।

ਆਪਣੀ ਉਚੇਰੀ ਪੜ੍ਹਾਈ ਵੇਲੇ ਮਿਲੀਆਂ ਬਹੁਤ ਸਾਰੀਆਂ ਕੁੜੀਆਂ ਨਾਲ ਵਿਚਰਦਿਆਂ ਮੈਨੂੰ ਪਤਾ ਲੱਗਾ ਕਿ ਬਹੁਤ ਸਾਰੀਆਂ ਕੁੜੀਆਂ ਵਿਆਹ ਕਰਾਉਣ ਤੋਂ ਕਤਰਾਉਂਦੀਆਂ ਹਨ। ਉਹ ਵਿਆਹ ਉਪਰੰਤ ਸਹੁਰੇ ਘਰ ਵੱਲੋਂ ਉਨ੍ਹਾਂ ਤੋਂ ਜੀਵਨ ਸ਼ੈਲੀ ਵਿੱਚ ਮੂਲੋਂ ਬਦਲਾਉ ਦੀ ਮੰਗ ਤੋਂ ਅਵਾਜ਼ਾਰ ਹੋਣ ਕਰਕੇ ਵਿਆਹ ਸਬੰਧਾਂ ਨੂੰ ਬੋਝ ਸਮਝਦੀਆਂ ਹਨ। ਉਹ ਆਪਣੇ ਹਿੱਸੇ ਦੀ ਜ਼ਿੰਦਗੀ 'ਤੇ ਆਪਣਾ ਰਾਜ ਅਤੇ ਹੱਕ ਚਾਹੁੰਦੀਆਂ ਹਨ। ਅੱਜ ਜ਼ਿਆਦਾਤਰ ਕੁੜੀਆਂ ਵਿਆਹ ਨੂੰ ਉਦੋਂ ਹੀ ਤਵੱਜੋ ਦੇਣਾ ਬਿਹਤਰ ਸਮਝਦੀਆਂ ਹਨ, ਜਦੋਂ ਮਾਨਸਿਕ 'ਤੇ ਤਿਆਰ ਅਤੇ ਆਰਥਿਕ ਤੌਰ 'ਤੇ ਆਜ਼ਾਦ ਹੋਣ। ਜੇ ਅਸੀਂ ਵਿਆਹ ਸੰਸਥਾ ਨੂੰ ਆਉਂਦੇ ਸਮੇਂ ਵਿੱਚ ਇਕ ਚੰਗੇ ਤੇ ਬਿਹਤਰ ਅੰਦਾਜ਼ ਵਿੱਚ ਅੱਗੇ ਵਧਾਉਣਾ ਚਾਹੁੰਦੇ ਹਾਂ ਤਾਂ ਵਿਆਹ ਦੇ ਅਖੌਤੀ ਪੈਮਾਨਿਆਂ ਵਿੱਚ ਤਬਦੀਲੀ ਦੇ ਨਾਲ ਕੁੜੀ ਦੀ ਆਜ਼ਾਦੀ, ਵਜੂਦ ਅਤੇ ਸਪੇਸ ਨੂੰ ਬਰਕਰਾਰ ਰੱਖਣਾ ਪਵੇਗਾ ਅਤੇ ਉਸ ਨੂੰ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਅਤੇ ਵਿਆਹੁਤਾ ਰਿਸ਼ਤਿਆਂ ਨੂੰ ਕਬੂਲ ਕਰਨ ਅਤੇ ਉਨ੍ਹਾਂ ਪ੍ਰਤੀ ਆਪਣਾ ਸਨੇਹੀ ਰਵੱਈਆ ਬਣਾਉਣ ਲਈ ਕੁਝ ਸਮਾਂ ਦੇਣਾ ਪਵੇਗਾ।

# ਬਹੁਤੀ ਚੰਗੀ ਨਹੀਂ ਰਹੀ ਐੱਨ ਡੀ ਏ ਦੀ ਕਾਰਗੁਜ਼ਾਰੀ

-ਅਮ੍ਰਿਤਯ ਸੇਨ

ਪਿਛਲੇ ਪੰਜ ਸਾਲਾਂ ਵਿੱਚ ਐੱਨ ਡੀ ਏ ਦੇ ਨਿਰਾਸ਼ਾ ਜਨਕ ਪ੍ਰਦਰਸ਼ਨ ਬਾਰੇ ਕੀ ਕਿਹਾ ਜਾ ਸਕਦਾ ਹੈ? ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਦੀ ਕਾਰਗੁਜ਼ਾਰੀ ਬੇਸ਼ੱਕ ਖਰਾਬ ਰਹੀ, ਪਰ ਇਹ ਕਹਿਣਾ ਵੀ ਮੁਸ਼ਕਲ ਹੈ ਕਿ ਕਾਂਗਰਸ ਦੀ ਅਗਵਾਈ ਵਾਲੇ ਯੂ ਪੀ ਏ ਨੇ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਸੀ। ਯੂ ਪੀ ਏ ਨੇ ਯਕੀਨੀ ਤੌਰ 'ਤੇ ਕੁਝ ਅਹਿਮ ਪ੍ਰਾਪਤੀਆਂ ਕੀਤੀਆਂ, ਜਿਨ੍ਹਾਂ ਵਿੱਚ ਸ਼ਾਨਦਾਰ ਆਰਥਿਕ ਵਾਧਾ, ਸੂਚਨਾ ਦਾ ਅਧਿਕਾਰ ਤੇ ਦਿਹਾਤੀ ਰੋਜ਼ਗਾਰ ਮੁੱਖ ਹਨ, ਪਰ ਯੂ ਪੀ ਏ ਦੇ ਮੁੱਢਲੇ ਪੱਧਰ 'ਤੇ ਸਭ ਲੋਕਾਂ ਲਈ ਚੰਗੀਆਂ ਸਿਹਤ ਸਹੂਲਤਾਂ ਦੇਣ ਵਿੱਚ ਅਸਫਲ ਰਿਹਾ। ਇਸ ਤੋਂ ਬਿਨਾ ਇਹ ਜਾਤ ਪ੍ਰਥਾ ਨੂੰ ਵੀ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕਿਆ।

ਐੱਨ ਡੀ ਏ ਕਿਉਂ ਅਸਫਲ ਹੋਇਆ, ਇਹ ਸਮਝਣ ਲਈ ਸਾਨੂੰ ਕੁਝ ਮੁੱਦਿਆਂ ਨੂੰ ਦੇਖਣਾ ਪਵੇਗਾ। ਸਮੱਸਿਆ ਇਹ ਹੈ ਕਿ ਐੱਨ ਡੀ ਏ ਨੇ ਵੱਖ-ਵੱਖ ਕਮੀਆਂ ਦੂਰ ਕਰਨ ਦੇ ਕਦਮ ਨਹੀਂ ਚੁੱਕੇ, ਸਗੋਂ ਉਸ ਨੇ ਪਾੜਾ ਹੋਰ ਵਧਾ ਦਿੱਤਾ ਹੈ। ਇਸ ਨੇ ਜਾਤਵਾਦ ਨੂੰ ਹੋਰ ਵਧਾਇਆ, ਸਾਰੇ ਲੋਕਾਂ ਲਈ ਸਿਹਤ ਸਹੂਲਤਾਂ ਦੀ ਵਿਵਸਥਾ ਨਹੀਂ ਕੀਤੀ ਤੇ ਆਪਣੇ ਚੋਣ ਵਾਅਦਿਆਂ ਦੇ ਉਲਟ ਬੇਰੋਜ਼ਗਾਰੀ ਵਧਾ ਕੇ ਗਰੀਬ ਲੋਕਾਂ ਲਈ ਨੌਕਰੀ ਹਾਸਲ ਕਰਨਾ ਹੋਰ ਮੁਸ਼ਕਲ ਕਰ ਦਿੱਤਾ (ਐੱਨ ਡੀ ਏ ਦੇ ਕਾਰਜਕਾਲ 'ਚ ਭਾਰਤ ਪਿਛਲੀ ਅੱਧੀ ਸਦੀ 'ਚ ਸਭ ਤੋਂ ਜ਼ਿਆਦਾ ਬੇਰੋਜ਼ਗਾਰੀ ਵੱਲ ਵਧਿਆ।

ਇਸ ਅਸਫਲਤਾ ਦੇ ਨਾਲ ਐੱਨ ਡੀ ਏ ਦੇ ਨੇਤਾਵਾਂ ਨੇ ਦੇਸ਼ ਨੂੰ ਫਿਰਕੂ ਆਧਾਰ 'ਤੇ ਵੀ ਵੰਡਿਆ। ਭਾਰਤ ਦੇ ਨਵੇਂ ਸ਼ਾਸਕਾਂ ਨੇ ਅਕਾਦਮਿਕ ਸੰਸਥਾਵਾਂ 'ਚ ਲਾਲਫੀਤਾਸ਼ਾਹੀ ਚੱਲਣ ਨੂੰ ਸ਼ਹਿ ਦਿੱਤੀ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਇਆ ਅਤੇ ਅਸਹਿਮਤੀ ਪ੍ਰਗਟਾਉਣ ਵਾਲਿਆਂ ਨੂੰ ਦੇਸ਼ਧ੍ਰੋਹੀ ਮੰਨਦਿਆਂ ਜੇਲ੍ਹ 'ਚ ਡੱਕਿਆ। ਅਸਲ ਵਿੱਚ ਹਿੰਦੂਵਾਦੀ ਸ਼ਾਸਕਾਂ ਨੇ ਇਸ ਦੇਸ਼ ਨੂੰ ਗਲਤ ਦਿਸ਼ਾ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ ਹੈ।

ਸੋਚੀਆਂ-ਸਮਝੀਆਂ ਅਤੇ ਪ੍ਰਮਾਣਿਤ ਆਰਥਿਕ ਨੀਤੀਆਂ 'ਤੇ ਚੱਲਣ ਦੀ ਥਾਂ ਹਿੰਦੂਵਾਦੀ ਸ਼ਾਸਕ 'ਜਾਦੂਈ ਵਿਕਾਸ' ਦੇ ਰਾਹ ਉੱਤੇ ਚੱਲਣ ਲਈ ਉਤਾਵਲੇ ਹਨ, ਜਿਵੇਂ ਨੋਟਬੰਦੀ ਦੇ ਨਾਲ ਧਨ ਜੁਟਾਉਣ ਤੇ ਖੁਸ਼ਹਾਲੀ ਲਿਆਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਦੇ ਸਿੱਟੇ ਵਜੋਂ ਸਰਕਾਰ ਵੱਲੋਂ ਮਿਥਿਆ ਗਿਆ ਕਾਲਾ ਧਨ ਖਤਮ ਕਰਨ ਦਾ ਉਦੇਸ਼ ਤਾਂ ਪੂਰਾ ਨਹੀਂ ਹੋ ਸਕਿਆ, ਸਗੋਂ ਇਸ ਨਾਲ ਵਪਾਰ ਤੇ ਛੋਟੇ ਕਾਰੋਬਾਰੀਆਂ ਨੂੰ ਨੁਕਸਾਨ ਪੁੱਜਾ। ਜੇ 'ਜਾਦੂ' ਦਿਖਾਉਣ ਦਾ ਕੰਮ ਜਾਦੂਗਰ ਪੀ ਸੀ ਸਰਕਾਰ ਕੋਲ ਰਹਿਣ ਦਿੱਤਾ ਜਾਂਦਾ ਤਾਂ ਚੰਗਾ ਹੁੰਦਾ।

ਭਾਰਤ ਨੂੰ ਗੈਰ ਸਾਧਾਰਨ ਉਪਾਵਾਂ ਦੀ ਥਾਂ ਉਨ੍ਹਾਂ ਆਰਥਿਕ ਨੀਤੀਆਂ 'ਤੇ ਚੱਲਣ ਦੀ ਲੋੜ ਹੈ, ਜਿਨ੍ਹਾਂ ਨਾਲ ਦੁਨੀਆ ਭਰ ਵਿੱਚ ਚੰਗੇ ਨਤੀਜੇ ਹਾਸਲ ਹੋਏ ਹਨ। ਸਾਡੀਆਂ ਅਸਲੀ ਲੋੜਾਂ ਵਿੱਚ ਜਨਤਕ ਸੇਵਾਵਾਂ, ਨਿੰਜੀ ਖੇਤਰਾਂ ਲਈ ਉਚਿਤ ਪੇਸ਼ਕਸ਼ਾਂ, ਸਾਵਧਾਨੀ ਨਾਲ ਕੀਤਾ ਗਿਆ ਜਨਤਕ ਨਿਵੇਸ਼, ਸਾਇੰਸ ਅਤੇ ਤਕਨੀਕ ਦਾ ਵਿਕਾਸ ਸ਼ਾਮਲ ਹੈ। ਯੂਰਪ ਅਤੇ ਜਾਪਾਨ ਨੇ 19ਵੀਂ ਸਦੀ, ਦੱਖਣੀ ਕੋਰੀਆ ਤੇ ਚੀਨ ਨੇ 20ਵੀਂ ਸਦੀ ਵਿੱਚ ਜੋ ਸਿਖਿਆ, ਉਹ ਅੱਜ ਭਾਰਤ ਦੇ ਸਾਹਮਣੇ ਹੈ। ਜੇ ਅਸੀਂ ਪ੍ਰਮੁੱਖ ਆਧੁਨਿਕ ਸ਼ਾਸਤਰੀ ਐਡਮ ਸਮਿਥ ਦੀ ਪਾਲਣਾ ਕਰੀਏ ਤਾਂ ਅੱਜ ਭਾਰਤ 'ਚ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਸਾਨੂੰ ਸਿਰਫ ਅਮੀਰ ਲੋਕਾਂ ਨੂੰ ਲਾਭ ਪੁਚਾਉਣ ਦੀ ਮਾਨਸਿਕਤਾ ਛੱਡ ਕੇ ਸਭ ਲੋਕਾਂ ਦੀ ਭਲਾਈ ਵੱਲ ਧਿਆਨ ਦੇਣਾ ਪਵੇਗਾ। ਸਮਿਥ ਨੇ ਜਿੱਥੇ ਬਾਜ਼ਾਰ ਅਰਥ ਵਿਵਸਥਾ ਦੀ ਸਮੁੱਚੀ ਵਰਤੋਂ 'ਤੇ ਜ਼ੋਰ ਦਿੱਤਾ ਸੀ, ਉਥੇ ਆਮ ਲੋਕਾਂ ਲਈ ਜਨਤਕ ਸੇਵਾਵਾਂ, ਜਿਵੇਂ ਮੁਢਲੀ ਸਿਖਿਆ ਤੇ ਸਿਹਤ ਸਹੂਲਤਾਂ ਦੇਣ ਦੀ ਗੱਲ ਕਹੀ ਸੀ, ਜੋ ਸਰਕਾਰਾਂ ਦੇ ਸਕਦੀਆਂ ਹਨ। ਲੋਕਾਂ ਦੀ ਭਲਾਈ ਤੇ ਉਨ੍ਹਾਂ ਦੀ ਉਤਪਾਦਕਤਾ ਵਧਾਉਣ ਲਈ ਇਹ ਸਹੂਲਤਾਂ ਹਾਸਲ ਕਰਾਉਣਾ ਬਹੁਤ ਜ਼ਰੂਰੀ ਹੈ। ਚੀਨ ਨੇ ਬਾਜ਼ਾਰ ਅਰਥ ਵਿਵਸਥਾ ਦੀ ਚੰਗੀ ਵਰਤੋਂ ਕੀਤੀ ਹੈ, ਪਰ ਸਾਨੂੰ ਇਹ ਸਮਝਣਾ ਪਵੇਗਾ ਕਿ ਚੀਨ ਅਜਿਹਾ ਇਸ ਲਈ ਕਰ ਸਕਿਆ ਕਿ ਉਸ ਕੋਲ ਸਿਖਿਅਤ ਕਿਰਤ ਬਲ ਅਤੇ ਤੰਦਰੁਸਤ ਆਬਾਦੀ ਸੀ, ਜੋ ਦੁਨੀਆ ਵਿੱਚ ਕਿਸੇ ਵੀ ਚੀਜ਼ ਦਾ ਨਿਪੁੰਨਤਾ ਨਾਲ ਉਤਪਾਦਨ ਕਰ ਸਕਦੀ ਸੀ।

ਭਾਰਤ 'ਚ 'ਆਯੁਸ਼ਮਾਨ ਭਾਰਤ ਪ੍ਰੋਗਰਾਮ' ਦੀ ਕਾਫੀ ਸ਼ਲਾਘਾ ਕੀਤੀ ਜਾਂਦੀ ਤੇ ਇਹ ਕਿਹਾ ਜਾਂਦਾ ਹੈ ਕਿ ਇਸ ਦੇ ਨਾਲ ਲੋਕਾਂ ਨੂੰ ਮਹਿੰਗੀ ਸਿਹਤ ਸਹੂਲਤ ਸਸਤੀਆਂ ਦਰਾਂ 'ਤੇ ਦਿੱਤੀ ਜਾ ਰਹੀ ਹੈ, ਪਰ ਇਸ ਯੋਜਨਾ ਵਿੱਚ ਸਾਰੇ ਲੋਕਾਂ ਲਈ ਬਿਹਤਰ ਮੁੱਢਲੀ ਸਹੂਲਤ ਦੀ ਵਿਵਸਥਾ ਨਹੀਂ ਹੈ, ਜੋ ਇਸ ਯੋਜਨਾ ਦੀ ਵੱਡੀ ਕਮੀ ਹੈ। ਅਸਲ 'ਚ ਜ਼ਿਆਦਾਤਰ ਲੋਕਾਂ ਦੀ ਉਮਰ ਘਟਾ ਕੇ (ਸਾਰਿਆਂ ਲਈ ਮੁੱਢਲੀ ਸਿਹਤ ਸਹੂਲਤ ਹਾਸਲ ਕਰਵਾਉਣ ਲਈ ਕੁਝ ਨਾ ਕਰਨਾ) ਕੁਝ ਲੋਕਾਂ ਦੀ ਉਮਰ ਵਧਾਉਣਾ (ਲਾਭ ਪਹੁੰਚਾਉਣ ਵਾਲੇ ਪ੍ਰਾਈਵੇਟ ਉਦਯੋਗਾਂ ਨੂੰ ਰਿਆਇਤ ਦੇਣਾ) ਇੱਕ ਗਲਤੀ ਹੈ। ਇੱਕ ਚੰਗੀ ਹੈਲਥਕੇਅਰ ਦੇ ਤਹਿਤ ਸਾਰੇ ਲੋਕਾਂ ਲਈ ਜਨਤਕ ਸਿਹਤ ਸਹੂਲਤ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਯੂ ਪੀ ਏ ਉਤੇ ਅਣਦੇਖੀ ਕਰਨ ਦਾ ਦੋਸ਼ ਲਾਇਆ ਜਾ ਸਕਦਾ ਹੈ, ਐਨ ਡੀ ਏ ਨੇ ਤਾਂ ਉਨ੍ਹਾਂ ਚੀਜ਼ਾਂ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਹੈ, ਜਿਨ੍ਹਾਂ ਦੀ ਦੇਸ਼ ਨੂੰ ਅੱਜ ਲੋੜ ਹੈ। ਲਗਾਤਾਰ ਵਿਕਾਸ ਲਈ ਇੱਕ ਸਾਂਝਾ ਨਜ਼ਰੀਏ ਹੋਣਾ ਜ਼ਰੂਰੀ ਹੈ। ਸਿਹਤ ਸਹੂਲਤ ਅਤੇ ਆਰਥਿਕ-ਸਮਾਜਕ ਨੀਤੀਆਂ ਦੇ ਮਾਮਲੇ ਵਿੱਚ ਭਾਰਤ ਨੂੰ ਵੱਡੀ ਰਚਨਾਤਮਕ ਤਬਦੀਲੀ ਦੀ ਲੋੜ ਹੈ।

## ਮਿੰਨੀ ਕਹਾਣੀ

### ਸੰਕਲਪ

-ਹਰਿੰਦਰ ਸਿੰਘ ਗੋਗਨਾ

ਉਹ ਸਰੀਰਕ ਪੱਖੋਂ ਹੱਟਾ ਕੱਟਾ ਨੌਜਵਾਨ ਸੀ। ਸਫੈਦ ਕੱਪੜੇ ਪਾ ਤੜਕੇ ਹੀ ਭੀਖ ਮੰਗਣ ਦੂਰ ਦੁਰਾਡੇ ਦੇ ਖੁਸ਼ਹਾਲ ਇਲਾਕਿਆਂ ਵਿੱਚ ਜਾ ਵੜਦਾ।

'ਬਾਬੂ ਜੀ, ਕੁਝ ਦਾਨ ਦਿਓ..।' ਇਕ ਦਿਨ ਉਸ ਨੇ ਇਕ ਵੱਡੇ ਮਕਾਨ ਦੇ ਮਾਲਕ ਨੂੰ ਆਵਾਜ਼ ਦਿੰਦਿਆਂ ਕਿਹਾ।

ਮਕਾਨ ਮਾਲਕ ਘਰ ਦੇ ਵਿਹੜੇ ਵਿੱਚ ਕੁਰਸੀ ਉਤੇ ਬੈਠਾ ਸੀ। ਉਸ ਨੇ ਨੌਜਵਾਨ ਭਿਖਾਰੀ ਨੂੰ ਅੰਦਰ ਆਉਣ ਦਾ ਸੰਕੇਤ ਦਿੱਤਾ। 'ਤੂੰ ਕਾਫੀ ਸਿਹਤਮੰਦ ਨੌਜਵਾਨ ਐਂ, ਕੋਈ ਕੰਮ ਧੰਦਾ ਕਰਕੇ ਕਿਉਂ ਨਹੀਂ ਰੋਟੀ ਕਮਾਉਂਦਾ? ਭੀਖ ਮੰਗਣੀ ਚੰਗੀ ਗੱਲ ਨਹੀਂ..।' ਮਕਾਨ ਮਾਲਕ ਨੇ ਹੱਥ ਵਿਚਲਾ ਕੰਮ ਛੱਡ ਕੇ ਭਿਖਾਰੀ ਨੂੰ ਕਿਹਾ।

'ਬਾਬੂ ਜੀ ਕੁਝ ਦੇਣਾ ਹੈ ਤਾਂ ਦਿਓ, ਨਹੀਂ ਤਾਂ ਮੈਂ ਅੱਗੇ ਜਾਵਾਂ, ਅਜਿਹੀ ਸਿੱਖਿਆ ਤਾਂ ਮੈਨੂੰ ਰੋਜ਼ ਕੋਈ ਨਾ ਕੋਈ ਦੇ ਦਿੰਦੈ..।' ਅੱਗੋਂ ਭਿਖਾਰੀ ਨੇ ਕਿਹਾ। ਤਦੇ ਭਿਖਾਰੀ ਨੇ ਦੇਖਿਆ ਕਿ ਮਕਾਨ ਮਾਲਕ ਨੇ ਆਪਣੇ ਪਿੱਛੇ ਪਈਆਂ ਵੈਸਾਖੀਆਂ ਚੁੱਕੀਆਂ ਅਤੇ ਉਨ੍ਹਾਂ ਦੇ ਸਹਾਰੇ ਖੜ੍ਹਾ ਹੋ ਗਿਆ। ਉਹ ਬਚਪਨ ਤੋਂ ਪੋਲੀਓ ਕਾਰਨ ਇਕ ਲੱਤ ਤੋਂ ਅਪਾਹਜ ਸੀ। ਉਸ ਨੇ ਭਿਖਾਰੀ ਵੱਲ ਦੇਖ ਕੇ ਮੁਸਕਰਾ ਕੇ ਕਿਹਾ, 'ਮੈਂ ਅਪਾਹਜ ਹੁੰਦਿਆਂ ਵੀ ਮਿਹਨਤ ਨਾਲ ਇਹ ਘਰ ਬਣਾਇਐ, ਕਦੇ ਕਿਸੇ ਅੱਗੇ ਹੱਥ ਨਹੀਂ ਅੱਡਿਆ, ਫਿਰ ਵੀ ਆਹ ਲੈ ਪੰਜ ਰੁਪਏ..।'

ਭਿਖਾਰੀ ਨੇ ਭੀਖ ਨਾ ਲਈ ਤੇ ਬਿਨਾ ਕੁਝ ਬੋਲੇ ਸਿਰ ਝੁਕਾਈ ਤੇਜ਼ ਕਦਮੀਂ ਪਿੱਛੇ ਮੁੜ ਗਿਆ। ਉਸ ਦੀ ਰਫਤਾਰ ਤੋਂ ਇੰਜ ਪ੍ਰਤੀਤ ਹੋ ਰਿਹਾ ਸੀ। ਜਿਵੇਂ ਉਸ ਨੇ ਮਿਹਨਤ ਕਰਕੇ ਰੋਟੀ ਕਮਾਉਣ ਦਾ ਸੰਕਲਪ ਕਰ ਲਿਆ ਹੋਵੇ।

TCMPLUS
10 YEARS' FAMOUS TRADITIONAL CHINESE MEDICINE CLINIC
Herbal and Acupuncture.
Treat your roots, Real Result "NO FAKE".
WE TREAT:
✔ Diabetes ✔ High Blood Pressure
✔ Low Energy ✔ Cron's Disease
✔ Depression ✔ Colitis
✔ Anxiety ✔ Stress
✔ Gout ✔ Acid Reflux
✔ Disc Pain ✔ Digestive
✔ Prostatitis ✔ Sleep Disorder

1st Month Discount
FREE CONSULTATION: 905-415-6999
30 Wertheim court, Unit 11, Richmond Hill

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।


- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement


40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative

Residential | Commercial | Investment
(416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਪਾਰਲੀਮੈਂਟ ਦੀਆਂ ਚੋਣਾਂ, ਚੱਲਦੀ ਪ੍ਰਕਿਰਿਆ ਤੇ ਪ੍ਰਕਿਰਿਆ ਚੱਲਣ ਤੋਂ ਪਹਿਲਾਂ ਦੇ ਕਿੱਸੇ





ਜਤਿੰਦਰ ਪੰਨੂ

ਭਾਰਤ ਦੀ ਪਾਰਲੀਮੈਂਟ ਲਈ ਚੋਣਾਂ ਦੀ ਪ੍ਰਕਿਰਿਆ ਜਿਹੜੇ ਪੜਾਅ ਉੱਤੇ ਪਹੁੰਚ ਗਈ ਹੈ, ਜੇ ਚੋਣ ਕਮਿਸ਼ਨ ਵੱਲੋਂ ਪਾਬੰਦੀ ਨਾ ਲੱਗੀ ਹੁੰਦੀ ਤਾਂ ਇਸ ਵੇਲੇ ਤੱਕ ਕਈ ਚੈਨਲਾਂ ਨੇ ਚੋਣ ਸਰਵੇਖਣ ਦੇ ਨਾਂਅ ਉੱਤੇ ਲੋਕਾਂ ਅੱਗੇ ਕਈ ਕੁਝ ਪਰੋਸ ਦੇਣਾ ਸੀ। ਫਿਰ ਵੀ ਕੁਝ ਨਾ ਕੁਝ ਪਰੋਸਿਆ ਜਾਣ ਦਾ ਅਮਲ ਜਾਰੀ ਹੈ ਤੇ ਅਖੀਰ ਤੱਕ ਜਾਰੀ ਰਹਿਣਾ ਹੈ। ਅਣ-ਐਲਾਨੇ ਚੋਣ ਸਰਵੇਖਣ ਦੇ ਕੰਮ ਵਿੱਚ ਇਸ ਵਾਰੀ ਦੇਸ਼ ਦੀ ਮੌਜੂਦਾ ਸਰਕਾਰ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਨਾਲ ਜੁੜਿਆ ਇੱਕ ਬਹੁ-ਚਰਚਿਤ ਆਗੂ ਸੁਬਰਾਮਨੀਅਮ ਸਵਾਮੀ ਵੀ ਬੋਲਿਆ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਇਸ ਵਾਰੀ ਭਾਜਪਾ ਦੀਆਂ ਆਪਣੀਆਂ ਸੀਟਾਂ ਸਵਾ ਦੋ ਸੌ ਦੇ ਨੇੜੇ ਆਉਣਗੀਆਂ ਤੇ ਉਸ ਦੇ ਭਾਈਵਾਲਾਂ ਦੀਆਂ ਮਿਲਾ ਕੇ ਬਹੁ-ਸੰਮਤੀ ਦੇ ਜੁਗਾੜ ਕਰਨ ਦੇ ਨੇੜੇ ਜਾ ਸਕਦੀਆਂ ਹਨ ਤੇ ਨਹੀਂ ਵੀ ਜਾ ਸਕਦੀਆਂ। ਦੂਸਰੀ ਗੱਲ ਇਹ ਆਖੀ ਕਿ ਜੇ ਸਚਮੁੱਚ ਸਵਾ ਦੋ ਸੌ ਸੀਟਾਂ ਤੱਕ ਭਾਜਪਾ ਜਾ ਕੇ ਰੁਕ ਗਈ ਤਾਂ ਭਾਈਵਾਲ ਧਿਰਾਂ ਅਗਲੇ ਪ੍ਰਧਾਨ ਮੰਤਰੀ ਬਣਨ ਵਾਸਤੇ ਨਰਿੰਦਰ ਮੋਦੀ ਦੇ ਨਾਂਅ ਉੱਤੇ ਸਹਿਮਤ ਨਹੀਂ ਹੋ ਸਕਣੀਆਂ ਤੇ ਕੋਈ ਹੋਰ ਲੱਭਣਾ ਪਵੇਗਾ। ਇਹ ਵੀ ਕਮਾਲ ਦੀ ਗੱਲ ਹੈ ਕਿ ਜਿਹੜੇ ਭਾਜਪਾ ਆਗੂ ਦਾ ਨਾਂਅ ਅਗਲੇ ਪ੍ਰਧਾਨ ਮੰਤਰੀ ਵਾਸਤੇ ਨਰਿੰਦਰ ਮੋਦੀ ਦੇ ਬਦਲ ਵਜੋਂ ਚਰਚਾ ਵਿੱਚ ਆਇਆ ਹੈ, ਉਸ ਬਾਰੇ ਉਸੇ ਦਿਨ ਤੋਂ ਬੀਮਾਰ ਹੋਣ ਦੀਆਂ ਖਬਰਾਂ ਆਏ ਦਿਨ ਆਉਣ ਲੱਗ ਪਈਆਂ ਹਨ। ਇਸ ਦਾ ਆਪ ਵਿੱਚ ਕਿਸੇ ਤਰ੍ਹਾਂ ਦਾ ਸੰਬੰਧ ਹੈ ਜਾਂ ਨਹੀਂ, ਕਹਿਣਾ ਬੜਾ ਮੁਸ਼ਕਲ ਹੈ, ਪਰ ਵੱਡੀ ਗੱਲ ਇਹ ਹੈ ਕਿ ਭਾਜਪਾ ਅੰਦਰ ਇਹ ਚਰਚਾ ਚੱਲਦੀ ਪਈ ਹੈ ਕਿ ਇਸ ਵਾਰੀ ਉਨ੍ਹਾਂ ਦੀਆਂ ਸੀਟਾਂ ਅੱਗੇ ਵਾਂਗ ਆਪਣੇ ਸਿਰ ਬਹੁ-ਗਿਣਤੀ ਜੋਗੀਆਂ ਨਹੀਂ ਆ ਸਕਣੀਆਂ। ਅੰਦਰ ਦੀ ਇਸ ਚਰਚਾ ਦੇ ਪ੍ਰਭਾਵ ਹੇਠ 'ਰਾਸ਼ਟਰ ਭਗਤੀ' ਦਾ ਮੁੱਦਾ ਉਭਾਰਨ ਦਾ ਕੰਮ ਹੋਰ ਤੇਜ਼ੀ ਨਾਲ ਹੋਣ ਲੱਗ ਪਿਆ ਹੈ।


ਸਾਨੂੰ ਇਹ ਮੰਨਣ ਵਿੱਚ ਕੋਈ ਹਰਜ਼ ਨਹੀਂ ਕਿ ਪ੍ਰਧਾਨ ਮੰਤਰੀ ਮੋਦੀ ਬੁਲਾਰਾ ਬਹੁਤ ਜ਼ਬਰਦਸਤ ਹੈ, ਪਰ ਸਿਰਫ ਬੁਲਾਰਾ ਨਹੀਂ, ਤੱਥਾਂ ਨੂੰ ਭੰਨ-ਤੋੜ ਕੇ ਪੇਸ਼ ਕਰਨ ਅਤੇ ਕਾਲੇ ਨੂੰ ਚਿੱਟਾ ਕਹਿਣ ਤੋਂ ਵਧ ਕੇ ਏਦਾਂ ਦੀ ਪੇਸ਼ਕਾਰੀ ਵਿੱਚ ਵੀ ਬਹੁਤ ਮਾਹਰ ਹੈ। ਮਹਾਰਤ ਏਨੀ ਕਮਾਲ ਦੀ ਹੈ ਕਿ ਲੋਕਾਂ ਨੂੰ ਭਾਸ਼ਣ ਵਾਲੀ ਜਾਦੂ ਦੀ ਪਟਾਰੀ ਵਿੱਚ ਕਰੇਲੇ ਰੱਖਣ ਮਗਰੋਂ ਖਰਬੂਜ਼ੇ ਨਿਕਲਦੇ ਵਿਖਾ ਸਕਦਾ ਹੈ। ਲੋਕ ਬਿਨਾਂ ਕਿਸੇ ਘੋਖ ਕੀਤੇ ਤੋਂ ਸੱਚ ਮੰਨ ਲੈਂਦੇ ਹਨ। ਇਸ ਦੀ ਇੱਕ ਮਿਸਾਲ ਇਹ ਹੈ ਕਿ ਪ੍ਰਧਾਨ ਮੰਤਰੀ ਨੇ ਕਹਿ ਦਿੱਤਾ ਕਿ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਹੁੰਦਿਆਂ ਕੁੰਭ ਦੇ ਮੇਲੇ ਵਿੱਚ ਆਇਆ ਸੀ, ਹਜ਼ਾਰ ਦੇ ਕਰੀਬ ਲੋਕ ਭਾਜੜ ਵਿੱਚ ਮਰ ਗਏ ਸਨ ਤੇ ਕਾਂਗਰਸ ਸਰਕਾਰ ਨੇ ਬਦਨਾਮੀ ਤੋਂ ਬਚਣ ਵਾਸਤੇ ਇਹ ਖਬਰ ਦਬਾ ਦਿੱਤੀ ਸੀ। ਫਿਰ ਕੁਝ ਚੈਨਲਾਂ ਨੇ ਰਿਕਾਰਡ ਪੇਸ਼ ਕੀਤਾ ਕਿ ਜਿਸ ਦਿਨ ਕੁੰਭ ਮੇਲੇ ਦਾ ਕਾਂਡ ਵਾਪਰਿਆ ਸੀ, ਪ੍ਰਧਾਨ ਮੰਤਰੀ ਉਸ ਦਿਨ ਦਿੱਲੀ ਵਿੱਚ ਪਾਰਲੀਮੈਂਟ ਵਿੱਚ ਬੋਲਦਾ ਪਿਆ ਸੀ ਤੇ ਕੁੰਭ ਮੇਲੇ ਵਿੱਚ ਇੱਕ ਦਿਨ ਪਹਿਲਾਂ ਆਇਆ ਸੀ, ਉਸ ਦਿਨ ਕੁੰਭ ਮੇਲੇ ਵਿੱਚ ਦੇਸ਼ ਦਾ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਗਿਆ ਸੀ। ਪ੍ਰਧਾਨ ਮੰਤਰੀ ਮੋਦੀ ਦੇ ਮਗਰ ਜੁੜੀ ਹੋਈ ਵਫਾਦਾਰ ਫੋਰਸ ਨੇ ਉਸ ਦਾ ਭਾਸ਼ਣ ਇਸ ਦਾ ਸੱਚ ਸੁਣੇ ਬਗੈਰ ਸਭ ਥਾਂ ਫੈਲਾਇਆ ਪਿਆ ਸੀ। ਰਾਹੁਲ ਗਾਂਧੀ ਏਦਾਂ ਦੀ ਕਲਾਕਾਰੀ ਆਪਣੇ ਭਾਸ਼ਣਾਂ ਵਿੱਚ ਦਿਖਾਉਣ ਜੋਗਾ ਨਹੀਂ ਅਤੇ ਉਸ ਦੇ ਪਿੱਛੇ ਖੜੀ ਪਾਰਟੀ ਸਾਰੇ ਭਾਰਤ ਦੇ ਲੋਕਾਂ ਤੱਕ ਇਹ ਗੱਲ ਪੁਚਾਉਣ ਜੋਗੀ ਨਹੀਂ ਕਿ ਸਾਡਾ ਆਗੂ ਵੀ ਆਹ ਕੁਝ ਬੋਲਦਾ ਹੈ।

ਇਹ ਸਾਰੀ ਕਹਾਣੀ ਅਸੀਂ ਇਸ ਲਈ ਪੇਸ਼ ਕੀਤੀ ਹੈ ਕਿ ਭਾਰਤ ਵਿੱਚ ਇਸ ਵਕਤ ਲੋਕਾਂ ਦੀ ਰਾਏ ਲੋਕਤੰਤਰ ਦੇ ਅਸੂਲਾਂ ਨਾਲ ਪ੍ਰਚਾਰੇ ਜਾਂਦੇ ਕਿਸੇ ਚੋਣ ਮੈਨੀਫੈਸਟੋ ਨਾਲ ਨਹੀਂ ਬਣਦੀ, ਜਿੰਨਾ ਵੱਡਾ ਗਪੌੜ ਕੋਈ ਛੱਡੇਗਾ, ਓਨੀ ਹੀ ਉਸ ਦੀ ਪਾਰਟੀ ਦੇ ਪੱਖ ਵਿੱਚ ਪ੍ਰਭਾਵ ਬਣਦਾ ਸਮਝਿਆ ਜਾਣ ਲੱਗਾ ਹੈ। ਦੇਸ਼ ਵਿੱਚ ਕਾਨੂੰਨ ਦਾ ਰਾਜ ਹੈ। ਇਹ ਗੱਲ ਅੱਜ ਤੱਕ ਅਸੀਂ ਬਹੁਤ ਵਾਰੀ ਸੁਣੀ ਹੈ, ਪਰ ਕਾਨੂੰਨ ਦੀ ਜਿਹੜੀ ਵਫਾ ਦੀ ਆਸ ਸਾਡੇ ਆਮ ਲੋਕਾਂ ਤੋਂ ਰੱਖੀ ਜਾਂਦੀ ਹੈ, ਭਾਰਤ ਦੀ ਵਾਗ ਸੰਭਾਲ ਚੁੱਕੇ ਜਾਂ ਸੰਭਾਲਣ ਦੇ ਖਾਹਿਸ਼ਮੰਦਾਂ ਵਿੱਚ ਉਸ ਹੱਦ ਤੱਕ ਨਹੀਂ ਲੱਭਦੀ। ਮਿਸਾਲ ਵਜੋਂ ਦੇਸ਼ ਨੇ ਇੱਕ ਦਲ-ਬਦਲੀਆਂ ਰੋਕਣ ਦਾ ਕਾਨੂੰਨ ਬਣਾਇਆ ਹੈ, ਜਿਸ ਦਾ ਦੋਸ਼ੀ ਸਾਬਤ ਹੋਏ ਵਿਧਾਇਕ ਜਾਂ ਪਾਰਲੀਮੈਂਟ ਮੈਂਬਰ ਨੂੰ ਮੈਂਬਰੀ ਛੱਡਣੀ ਪੈ ਸਕਦੀ ਹੈ। ਇਸ ਉੱਤੇ ਅਮਲ ਬਹੁਤ ਘੱਟ ਹੁੰਦਾ ਹੈ। ਫਿਰ ਵੀ ਕਾਨੂੰਨ ਦੇ ਮੁਤਾਬਕ ਜਿਹੜੇ ਆਗੂਆਂ ਨੇ ਦਲ-ਬਦਲੀ ਕਰਨੀ ਹੈ, ਉਨ੍ਹਾਂ ਉੱਤੇ ਮੈਂਬਰੀ ਖੁੱਸਣ ਦਾ ਕੁਹਾੜਾ ਇਸ ਲਈ ਲਟਕਦਾ ਹੈ ਕਿ ਇਹ ਦੇਸ਼ ਦੇ ਕਾਨੂੰਨ ਮੁਤਾਬਕ ਜੁਰਮ ਦਾ ਕੰਮ ਗਿਣਿਆ ਜਾਂਦਾ ਹੈ। ਮੈਂਬਰੀ ਖੋਹਣ ਦੇ ਫੈਸਲੇ ਵਿੱਚ ਵੀ ਲਿਖਿਆ ਜਾਂਦਾ ਹੈ ਕਿ ਇਸ ਮੈਂਬਰ ਨੇ ਏਦਾਂ ਦਾ ਜੁਰਮ ਕੀਤਾ ਹੈ। ਇਹ ਗੱਲ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਹੋਰਨਾਂ ਤੋਂ ਵੱਧ ਸਮਝਣੀ ਚਾਹੀਦੀ ਹੈ। ਇਸ ਦੇ ਬਾਵਜੂਦ ਦੇਸ਼ ਦਾ ਪ੍ਰਧਾਨ ਮੰਤਰੀ ਪੱਛਮੀ ਬੰਗਾਲ ਜਾ ਕੇ ਕਹਿ ਦੇਂਦਾ ਹੈ ਕਿ ਤ੍ਰਿਣਮੂਲ ਕਾਂਗਰਸ ਦੇ ਚਾਲੀ ਵਿਧਾਇਕ ਮੇਰੇ ਸੰਪਰਕ ਵਿੱਚ ਹਨ ਅਤੇ ਲੋਕ ਸਭਾ ਚੋਣਾਂ ਲੰਘਦੇ ਸਾਰ ਦਲ-ਬਦਲੀ ਕਰ ਕੇ ਸਾਡੇ ਨਾਲ ਆ ਜਾਣਗੇ। ਸਾਫ ਹੈ ਕਿ ਪ੍ਰਧਾਨ ਮੰਤਰੀ ਕਾਨੂੰਨ ਤੋੜਨ ਦਾ ਜੁਰਮ ਕਰਨ ਲਈ ਹੋਰਨਾਂ ਨੂੰ ਉਕਸਾਉਣ ਦਾ ਇਕਬਾਲ ਕਰੀ ਜਾਂਦਾ ਹੈ। ਜਿਸ ਦੇਸ਼ ਵਿੱਚ ਗੈਰ-ਕਾਨੂੰਨੀ ਕੰਮ ਲਈ ਹੋਰ ਲੋਕਾਂ ਨੂੰ ਉਕਸਾਉਣ ਵਿੱਚ ਪ੍ਰਧਾਨ ਮੰਤਰੀ ਨੂੰ ਹਰਜ ਨਹੀਂ ਜਾਪਦਾ, ਉਹ ਸਾਡਾ ਭਾਰਤ ਹੀ ਹੈ।

ਅਗਲੀ ਗੱਲ ਇਹ ਕਿ ਦੇਸ਼ ਦੇ ਲੋਕਾਂ ਨੂੰ ਇਸ ਵਕਤ ਦੇ ਚੋਣ ਕਮਿਸ਼ਨ ਦਾ ਪੱਖ-ਪਾਤੀ ਹੋਣਾ ਬੜਾ ਚੁਭਦਾ ਹੈ ਤੇ ਇਸ ਬਾਰੇ ਸੁਪਰੀਮ ਕੋਰਟ ਤੱਕ ਸ਼ਿਕਾਇਤਾਂ ਹੋ ਰਹੀਆਂ ਹਨ। ਚੋਣ ਕਮਿਸ਼ਨ ਪੱਖ-ਪਾਤੀ ਹੈ ਅਤੇ ਓਥੇ ਬੈਠੇ ਹੋਏ ਅਜੋਕੇ ਚੋਣ ਕਮਿਸ਼ਨਰ ਹੀ ਵਿਹਾਰ ਤੋਂ ਪੱਖ-ਪਾਤੀ ਨਹੀਂ ਕਹੇ ਜਾਣਗੇ, ਕਈ ਪਿਛਲੇ ਵੀ ਪੱਖ-ਪਾਤੀ ਸਨ। ਜੇ ਉਹ ਪੱਖ-ਪਾਤੀ ਨਾ ਹੁੰਦੇ ਤਾਂ ਪਿਛਲੀ ਵਾਰ ਦੀ ਪਾਰਲੀਮੈਂਟ ਚੋਣ ਨੂੰ ਪੰਜ ਸਾਲ ਲੰਘਣ ਤੱਕ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਕਿਉਂ ਨਾ ਲੱਗਾ ਕਿ ਪ੍ਰਧਾਨ ਮੰਤਰੀ ਸਮੇਤ ਬਹੁਤ ਸਾਰੇ ਆਗੂਆਂ ਨੇ ਚੋਣਾਂ ਦੇ ਬਾਅਦ ਖਰਚੇ ਦਾ ਲੇਖ ਦੇਣ ਵਾਸਤੇ ਜਦੋਂ ਐਫੀਡੇਵਿਟ ਪੇਸ਼ ਕੀਤੇ ਤਾਂ ਨਿਰਾ ਝੂਠ ਗੁੰਨ੍ਹਿਆ ਗਿਆ ਸੀ। ਇਹ ਗੱਲ ਅਸੀਂ ਭਾਜਪਾ ਦੇ ਬਜਾਏ ਦੀ ਥਾਂ ਬਿਹਾਰ ਦੇ ਰਾਸ਼ਟਰੀ ਜਨਤਾ ਦਲ ਤੋਂ ਸ਼ੁਰੂ ਕਰ ਸਕਦੇ ਹਾਂ। ਲਾਲੂ ਪ੍ਰਸਾਦ ਸਮੇਤ ਪੰਜ ਆਗੂਆਂ ਨੇ ਖਰਚੇ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਨੂੰ ਅਠਾਈ ਲੱਖ ਰੁਪਏ ਮਦਦ ਦਿੱਤੀ ਸੀ, ਪਰ ਲਾਲੂ ਪ੍ਰਸਾਦ ਦੀ ਆਪਣੀ ਪ੍ਰਧਾਨਗੀ ਵਾਲੀ ਪਾਰਟੀ ਨੇ ਇਸ ਦੀ ਥਾਂ ਇਹ ਐਫੀਡੇਵਿਟ ਪੇਸ਼ ਕੀਤਾ ਹੈ ਕਿ ਅਸੀਂ ਕਿਸੇ ਵੀ ਉਮੀਦਵਾਰ ਨੂੰ ਚੋਣ ਲੜਨ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਅਤੇ ਇਸ ਕੰਮ ਲਈ ਉਨ੍ਹਾਂ ਦਾ ਕੀਤਾ ਖਰਚ ਪਾਰਟੀ ਖਾਤੇ ਵਿੱਚ ਨਾ ਗਿਣਿਆ ਜਾਵੇ। ਉਮੀਦਵਾਰ ਵਜੋਂ ਲਾਲੂ ਪ੍ਰਸਾਦ ਹੋਰ ਬਿਆਨ ਦੇਂਦਾ ਹੈ ਤੇ ਪਾਰਟੀ ਪ੍ਰਧਾਨ ਵਜੋਂ ਇਸ ਤੋਂ ਉਲਟ ਬਿਆਨ ਦੇਂਦਾ ਹੈ ਤੇ ਚੋਣ ਕਮਿਸ਼ਨ ਚੈੱਕ ਹੀ ਨਹੀਂ ਕਰਦਾ। ਇਹੋ ਹਾਲ ਹੋਰਨਾਂ ਪਾਰਟੀਆਂ ਦਾ ਹੈ ਤੇ ਸਭ ਤੋਂ ਨਿਰਾਲਾ ਕਿੱਸਾ ਖੁਦ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਦਾ ਹੈ।

ਮੋਹਾਲੀ ਦੇ ਰਾਮ ਕੁਮਾਰ ਨੇ ਇਸ ਸੰਬੰਧ ਵਿੱਚ ਇੱਕ ਅਰਜ਼ੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ ਬਾਈ ਜੁਲਾਈ ਨੂੰ ਹੋਣੀ ਹੈ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਤੋਂ ਮਿਲੇ ਅੰਕੜੇ ਪੇਸ਼ ਕਰ ਕੇ ਰਾਮ ਕੁਮਾਰ ਨੇ ਪਾਰਲੀਮੈਂਟ ਚੋਣਾਂ ਪਿੱਛੋਂ ਆਗੂਆਂ ਵੱਲੋਂ ਦਿੱਤੇ ਵੇਰਵੇ ਨੂੰ ਜਾਂਚਣ ਦੀ ਮੰਗ ਕੀਤੀ ਹੈ। ਅਰਜ਼ੀ ਵਿੱਚ ਇਹ ਕਿਹਾ ਗਿਆ ਹੈ ਕਿ ਸਾਧਵੀ ਉਮਾ ਭਾਰਤੀ, ਕੇਂਦਰੀ ਮੰਤਰੀ ਮੇਨਕਾ ਗਾਂਧੀ, ਉਸ ਦੇ ਪੁੱਤਰ ਵਰੁਣ ਗਾਂਧੀ ਤੇ ਫਿਲਮ ਸਟਾਰ ਹੇਮਾ ਮਾਲਿਨੀ ਤੱਕ ਨੇ ਪਿਛਲੀ ਵਾਰ ਚੋਣ ਖਰਚ ਲਈ ਭਾਜਪਾ ਤੋਂ ਲੱਖਾਂ ਰੁਪਏ ਮਿਲਣ ਦੀ ਗੱਲ ਆਪਣੇ ਐਫੀਡੇਵਿਟ ਵਿੱਚ ਲਿਖੀ ਹੈ। ਦੂਸਰੇ ਪਾਸੇ ਭਾਜਪਾ ਨੇ ਲਿਖਿਆ ਹੈ ਕਿ ਇਨ੍ਹਾਂ ਨੂੰ ਚੋਣਾਂ ਲੜਨ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਗਿਆ। ਝੂਠ ਪਾਰਟੀ ਬੋਲਦੀ ਹੈ ਜਾਂ ਪਾਰਟੀ ਦਾ ਉਮੀਦਵਾਰ, ਪਰ ਚੋਣ ਕਮਿਸ਼ਨ ਨੂੰ ਇਸ ਦੀ ਕੋਈ ਚਿੰਤਾ ਕਦੇ ਨਹੀਂ ਹੋਈ। ਹੁੰਦੀ ਇਸ ਲਈ ਨਹੀਂ ਕਿ ਜੇ ਚਿੰਤਾ ਕੀਤੀ ਜਾਣ ਲੱਗੀ ਤਾਂ ਮਾਮਲਾ ਉੱਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਚਲਾ ਜਾਂਦਾ ਹੈ। ਨਰਿੰਦਰ ਮੋਦੀ ਨੇ ਆਪਣੇ ਐਫੀਡੇਵਿਟ ਵਿੱਚ ਲਿਖਿਆ ਹੈ ਕਿ ਪਿਛਲੀ ਵਾਰੀ ਲੋਕ ਸਭਾ ਚੋਣ ਲੜਨ ਵਾਸਤੇ ਉਸ ਨੂੰ ਭਾਜਪਾ ਦੇ ਫੰਡ ਵਿੱਚੋਂ ਬੱਤੀ ਲੱਖ ਤਰਵੰਜਾ ਹਜ਼ਾਰ ਰੁਪਏ ਮਦਦ ਵਜੋਂ ਦਿੱਤੇ ਗਏ ਸਨ, ਪਰ ਪਾਰਟੀ ਨੇ ਇਹ ਗੱਲ ਨਹੀਂ ਕਹੀ ਕਿ ਉਨ੍ਹਾਂ ਨੇ ਨਹੀਂ ਦਿੱਤੇ, ਸਗੋਂ ਇਹ ਦੱਸਿਆ ਹੈ ਕਿ ਨਰਿੰਦਰ ਮੋਦੀ ਨਾਂਅ ਦੇ ਉਮੀਦਵਾਰ ਨੂੰ ਚੋਣ ਲੜਨ ਵਾਸਤੇ ਚਾਲੀ ਲੱਖ ਰੁਪਏ ਦਿੱਤੇ ਸਨ। ਸਾਡਾ ਚੋਣ ਕਮਿਸ਼ਨ ਪੰਜ ਸਾਲ ਲੰਘਣ ਪਿੱਛੋਂ ਵੀ ਓਦੋਂ ਵਾਲੇ ਉਮੀਦਵਾਰਾਂ, ਜਿਨ੍ਹਾਂ ਵਿੱਚ ਇਸ ਦੇਸ਼ ਦਾ ਪ੍ਰਧਾਨ ਮੰਤਰੀ ਤੱਕ ਸ਼ਾਮਲ ਸੀ, ਦੇ ਐਫੀਡੇਵਿਟ ਵੇਖਣ ਦਾ ਵਕਤ ਨਹੀਂ ਕੱਢ ਸਕਿਆ। ਉਸ ਚੋਣ ਦੌਰਾਨ ਵੀ ਐੱਸ ਸੰਪਤ ਮੁੱਖ ਚੋਣ ਕਮਿਸ਼ਨਰ ਹੁੰਦਾ ਸੀ, ਫਿਰ ਹਰੀ ਸ਼ੰਕਰ ਬ੍ਰਹਮਾ, ਨਸੀਮ ਜ਼ੈਦੀ, ਅਚਲ ਕੁਮਾਰ ਜੋਤੀ, ਓਮ ਪ੍ਰਕਾਸ਼ ਰਾਵਤ ਵੀ ਬਣੇ ਸਨ ਤੇ ਅੱਜ ਕੱਲ੍ਹ ਛੇਵੇਂ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਦੇ ਹੱਥ ਵਿੱਚ ਕਮਾਨ ਹੈ, ਪਰ ਐਫੀਡੇਵਿਟ ਵੇਖਣ ਦਾ ਵਕਤ ਇਨ੍ਹਾਂ ਵਿੱਚੋਂ ਕਿਸੇ ਇੱਕ ਦਾ ਵੀ ਨਹੀਂ ਲੱਗਾ ਜਾਪਦਾ।

ਸਾਨੂੰ ਇਹ ਸਮਝ ਕੇ ਆਪਣੇ ਮਨ ਨੂੰ ਧਰਵਾਸ ਦੇ ਲੈਣਾ ਚਾਹੀਦਾ ਹੈ ਕਿ ਸਿਰ ਖੁਰਕਣ ਜੋਗਾ ਵਿਹਲ ਤਾਂ ਸਰਪੰਚੀ ਕਿਸੇ ਬੰਦੇ ਨੂੰ ਨਹੀਂ ਦੇਂਦੀ, ਏਡੇ ਵੱਡੇ ਅਹੁਦੇ ਉੱਤੇ ਜਾ ਕੇ 'ਛੋਟੇ-ਛੋਟੇ' ਕੰਮਾਂ ਲਈ ਸਮਾਂ ਕਿੱਥੇ ਬਚਦਾ ਹੈ!



# ਇਨ੍ਹਾਂ ਦਾ ਜਿਊਣਾ ਹੀ ਪੰਜਾਬ ਦਾ ਮੈਨੀਫੈਸਟੋ ਹੈ

-ਸਵਰਾਜਬੀਰ-

ਲਗਭਗ 45 ਸਾਲ ਪਹਿਲਾਂ ਮਰਹੂਮ ਪੰਜਾਬੀ ਸ਼ਾਇਰ ਪਾਸ਼ 'ਮੇਰੇ ਦੇਸ਼' ਨਾਂਅ ਦੀ ਕਵਿਤਾ ਵਿੱਚ ਆਪਣੇ ਦੇਸ਼ ਨਾਲ ਏਦਾਂ ਗਿਲਾ ਕਰਦਾ ਹੈ- 'ਅਸੀਂ ਤਾਂ ਖਪ ਗਏ ਹਾਂ/ ਧੂੜ ਵਿੱਚ ਲਥ ਪਥ ਤਿਰਕਾਲਾਂ ਦੇ ਢਿੱਡ ਅੰਦਰ/ ਅਸੀਂ ਤਾਂ ਛਪ ਗਏ ਹਾਂ/ ਪੱਥੇ ਹੋਏ ਗੋਹੇ ਦੇ ਉਤੇ ਉਕਰੀਆਂ ਉਂਗਲਾਂ ਦੇ ਨਾਲ/ 'ਜਮਹੂਰੀਅਤ' ਦੇ ਪੈਰਾਂ ਵਿੱਚ ਰੁਲਦੇ ਹੋਏ ਮੇਰੇ ਦੇਸ਼।' ਉਸੇ ਕਵਿਤਾ ਵਿੱਚ ਪਾਸ਼ ਦਾ ਗਿਲਾ ਹੋਰ ਡੂੰਘਾ ਹੁੰਦਾ, 'ਸਾਡੇ ਨਿੱਤ ਫਿਕਰਾਂ ਦੀ ਭੀੜ ਵਿੱਚ/ ਗਵਾਚ ਗਈ ਹੈ/ ਆਦਰਸ਼ ਵਰਗੀ ਪਵਿੱਤਰ ਚੀਜ਼/ ਅਸੀਂ ਤਾਂ ਉਡ ਰਹੇ ਹਾਂ 'ਨ੍ਹੇਰੀਆਂ ਵਿੱਚ/ ਸੁੱਕੇ ਹੋਏ ਪੱਤਿਆਂ ਦੇ ਵਾਂਗ।' ਇਨ੍ਹਾਂ 45 ਸਾਲਾਂ ਵਿੱਚ ਦੇਸ਼ ਦੇ ਹਾਲਾਤ ਕਾਫੀ ਬਦਲੇ ਹਨ ਤੇ ਦਬੇ ਕੁਚਲੇ ਲੋਕਾਂ ਦੇ ਜੀਵਨ ਵਿੱਚ ਹੋਰ ਨਿਘਰ ਆਇਆ ਹੈ। ਲੋਕ ਹੋਰ ਮਰੇ ਖਪੇ ਤੇ ਖਵਾਰ ਹੋਏ ਹਨ। ਆਦਰਸ਼ ਗਵਾਚ ਗਏ ਹਨ ਤੇ ਲੋਕਾਂ ਦੀ ਹੋਂਦ ਸੱਚਮੁੱਚ ਸੁੱਕਿਆਂ ਪੱਤਿਆਂ ਵਰਗੀ ਹੋ ਗਈ ਹੈ। ਪਾਸ਼ ਨੇ ਇਹ ਕਵਿਤਾ ਸੱਤਰਵਿਆਂ ਵਿੱਚ ਲਿਖੀ, ਜਦ ਪੰਜਾਬੀ ਨਾ ਏਨੀ ਵੱਡੀ ਪੱਧਰ 'ਤੇ ਪਰਵਾਸ ਕਰ ਰਹੇ ਸਨ ਅਤੇ ਨਾ ਹੀ ਏਨੇ ਨਿਰਾਸ਼ ਹੋਏ ਸਨ। ਉਸ ਵੇਲੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ, ਜੋ ਦੇਸ਼ ਵਿਦੇਸ਼ ਵਿੱਚ ਆਪਣੇ ਉਦਮ ਤੇ ਮਿਹਨਤ ਲਈ ਜਾਣੇ ਜਾਂਦੇ ਹਨ, ਖੁਦਕੁਸ਼ੀ ਕਰਨਗੇ। ਜੇ ਅੱਜ ਪਾਸ਼ ਜਿਉਂਦਾ ਹੁੰਦਾ ਤਾਂ ਕਿੱਦਾਂ ਦੀ ਕਵਿਤਾ ਲਿਖਦਾ? ਜਾਂ ਲਿਖਣ ਤੋਂ ਨਿਰਾਸ਼ ਹੋ ਕੇ ਚੁੱਪ ਹੋ ਜਾਂਦਾ?

ਸੱਤਰਵਿਆਂ ਵਿੱਚ ਪੰਜਾਬੀ ਬੰਦਾ ਆਪਣੇ ਹੱਕਾਂ ਲਈ ਲੜਦਾ ਸੀ ਅਤੇ ਉਸ ਦਾ ਮਨ ਆਸਾਂ ਉਮੀਦਾਂ ਨਾਲ ਭਰਿਆ ਹੋਇਆ ਸੀ। ਅੱਸੀਵਿਆਂ ਵਿੱਚ ਆਏ ਅੱਤਵਾਦ ਅਤੇ ਬਾਅਦ ਵਿੱਚ ਨਸ਼ਿਆਂ ਦੇ ਫੈਲਾਓ ਨੇ ਉਸ ਦੀ ਊਰਜਾ ਡੀਕ ਲਈ ਅਤੇ ਉਹੀ ਬੰਦਾ ਤੰਤਹੀਣ ਹੋ ਗਿਆ। ਇਸ ਵਿੱਚ ਸਭ ਤੋਂ ਵੱਡਾ ਹਿੱਸਾ ਭ੍ਰਿਸ਼ਟ ਸਿਆਸਤਦਾਨਾਂ ਨੇ ਪਾਇਆ, ਜਿਹੜੇ ਨਾ ਸਿਰਫ ਰਿਸ਼ਵਤਖੋਰੀ ਅਤੇ ਸਰਕਾਰੀ ਢਾਂਚੇ ਨੂੰ ਆਪਣੇ ਹਿੱਤਾਂ ਲਈ ਢਾਲ ਕੇ ਅਮੀਰ ਹੋਏ, ਸਗੋਂ ਉਨ੍ਹਾਂ ਇਹ ਵੀ ਨਿਸ਼ਚੇ ਕੀਤਾ ਕਿ ਗਰੀਬ ਆਦਮੀ ਹੋਰ ਗਰੀਬ ਹੁੰਦਾ ਜਾਏ, ਨਾ ਉਸ ਦੇ ਬੱਚਿਆਂ ਨੂੰ ਚੰਗੀ ਵਿੱਦਿਆ ਮਿਲੇ ਤੇ ਨਾ ਹੀ ਪਰਵਾਰ ਦੀ ਸਿਹਤ ਸੰਭਾਲ ਦੇ ਕੋਈ ਕਦਮ ਚੁੱਕੇ ਜਾਣ। ਸਿਆਸਤਦਾਨਾਂ ਦੀ ਇਸ ਬੇਰੁਖੀ ਤੇ ਬਦਦਿਆਨਤਦਾਰੀ ਕਾਰਨ ਪੰਜਾਬ ਦੇ ਕਿਸਾਨ ਤੇ ਮਿਹਨਤਕਸ਼ ਲੋਕ ਏਨੇ ਰੁਲ ਗਏ ਕਿ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਦੀਆਂ ਘਟਨਾਵਾਂ ਲੋਕਾਂ ਨੂੰ ਕੋਈ ਅਲੋਕਾਰੀ ਨਹੀਂ, ਆਮ ਜਿਹੀ ਗੱਲ ਲੱਗਦੀਆਂ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ 2002 ਤੋਂ ਲੈ ਕੇ 2015-16 ਤੱਕ 16,606 ਕਿਸਾਨਾਂ ਤੇ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

ਇਹ ਖੁਦਕੁਸ਼ੀਆਂ ਆਮ ਕਰਕੇ ਪਰਵਾਰ ਦੇ ਕਮਾਊ ਜੀਆਂ ਨੇ ਕੀਤੀਆਂ। ਜਿਹੜੇ ਪਰਵਾਰ ਦਾ ਕਮਾਊ ਜੀਅ ਖੁਦਕੁਸ਼ੀ ਕਰ ਲਵੇ, ਬਾਕੀ ਜੀਅ ਆਪਣੀ ਜ਼ਿੰਦਗੀ ਕਿਸ ਤਰ੍ਹਾਂ ਜਿਊਣਗੇ? ਕਈ ਪਰਵਾਰਾਂ ਨੂੰ ਸਰਕਾਰ ਨੇ ਰਾਹਤ ਰਾਸ਼ੀ ਦਿੱਤੀ ਤੇ ਕਈਆਂ ਦੀਆਂ ਅਰਜ਼ੀਆਂ ਸਰਕਾਰੀ ਦਫਤਰਾਂ ਵਿੱਚ ਰੁਲਦੀਆਂ ਰਹੀਆਂ। ਪੰਜਾਬ ਦੇ ਸਿਆਸਤਦਾਨਾਂ ਦੀ ਹਓਮੈ ਅਤੇ ਗਰੀਬਾਂ ਪ੍ਰਤੀ ਉਦਾਸੀਨਤਾ ਵੇਖਣ ਵਾਲੀ ਹੈ। ਉਨ੍ਹਾਂ ਕੋਲ ਅਥਾਹ ਜਾਇਦਾਦ ਹੈ, ਵੱਡੀਆਂ ਲੰਮੀਆਂ ਕਾਰਾਂ, ਇਰਦ ਗਿਰਦ ਮੰਡਰਾਉਣ ਵਾਲੇ ਮੁਸ਼ਟੰਡੇ, ਪੁਲਸ ਦੀਆਂ ਗਾਰਦਾਂ। ਉਨ੍ਹਾਂ ਦੀ ਦਿੱਖ ਅਤੇ ਵਿਹਾਰ ਨੂੰ ਵੇਖ ਕੇ ਕਦੇ ਨਹੀਂ ਲੱਗਦਾ ਕਿ ਉਨ੍ਹਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਗੰਭੀਰਤਾ ਨਾਲ ਸੋਚਿਆ ਹੋਵੇ ਕਿਉਂਕਿ ਜੇ ਉਹ ਇਨ੍ਹਾਂ ਸਮੱਸਿਆਵਾਂ ਬਾਰੇ ਸੋਚਦੇ ਤਾਂ ਉਨ੍ਹਾਂ ਦਾ ਰਹਿਣ ਸਹਿਣ ਦਾ ਤਰੀਕਾ ਬਦਲਦਾ। ਉਹ ਕਦੇ ਤਾਂ ਸਮਾਂ ਕੱਢ ਕੇ ਕਿਸੇ ਪਿੰਡ ਦੇ ਗਰੀਬਾਂ ਦੇ ਵਿਹੜੇ ਜਾ ਕੇ ਬਹਿੰਦੇ, ਉਨ੍ਹਾਂ ਨਾਲ ਗੱਲਾਂ ਕਰਦੇ ਤੇ ਵੇਖਦੇ ਕਿ ਉਹ ਜ਼ਿੰਦਗੀ ਕਿਵੇਂ ਜਿਉਂਦੇ ਹਨ। ਸ਼ਾਇਦ ਸੱਤਾ ਦੇ ਗਲਿਆਰਿਆਂ ਵਿੱਚ ਤਾਕਤ ਦਾ ਸੰਘਰਸ਼ ਏਨਾ ਵੱਡਾ ਹੁੰਦਾ ਹੈ ਕਿ ਏਦਾਂ ਦੇ ਕੰਮਾਂ ਲਈ ਸਮਾਂ ਨਹੀਂ ਕੱਢਿਆ ਜਾ ਸਕਦਾ। ਇਨ੍ਹਾਂ ਸਮਿਆਂ ਵਿੱਚ ਕੁਝ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਕੀਤੇ ਤੇ ਲੋਕਾਂ ਨੂੰ ਉਨ੍ਹਾਂ ਦੇ ਦੁੱਖ ਵਿੱਚੋਂ ਉਭਾਰਨ ਦਾ ਉਪਰਾਲਾ ਕੀਤਾ। ਇਹ ਉਪਰਾਲੇ ਬੜੇ ਸੀਮਤ ਸਨ। ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਕਰਦੇ ਗਏ ਤੇ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਬਣਦੇ ਗਏ।

ਕਈ ਅਰਥ ਸ਼ਾਸਤਰੀਆਂ ਤੇ ਸਮਾਜ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਅਸੀਂ ਖੁਦਕੁਸ਼ੀਆਂ ਬਾਰੇ ਭਾਵੁਕ ਹੋ ਜਾਂਦੇ ਹਾਂ। ਸਾਡਾ ਭਾਵੁਕ ਹੋਣਾ ਸੁਭਾਵਿਕ ਹੈ, ਪੰਜਾਬੀਆਂ ਨੇ ਹਮੇਸ਼ਾ ਨਾਬਰੀ ਦੀ ਬਾਤ ਪਾਈ ਹੈ, ਜੇ ਉਹ ਅੱਜ ਖੁਦਕੁਸ਼ੀਆਂ ਦੇ ਰਾਹ ਤੁਰ ਪਏ ਹਨ ਤਾਂ ਸਾਨੂੰ ਲੱਗਦਾ ਹੈ ਕਿ ਸਾਡੇ ਅੰਦਰੋਂ ਕੁਝ ਤਿੜਕ ਰਿਹਾ ਹੈ, ਪੰਜਾਬ ਤਿੜਕ ਰਿਹਾ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਇਨ੍ਹਾਂ ਖੁਦਕੁਸ਼ੀਆਂ ਲਈ ਸਰਮਾਏਦਾਰੀ ਨਿਜ਼ਾਮ ਹੇਠ ਹੁੰਦਾ ਸਮਾਜਿਕ ਰਿਸ਼ਤਿਆਂ ਦਾ ਵਪਾਰੀਕਰਨ ਜ਼ਿੰਮੇਵਾਰ ਹੈ, ਪੰਜਾਬੀਆਂ ਦਾ ਕਿਰਤ ਸੱਭਿਆਚਾਰ ਤੋਂ ਦੂਰ ਹੋਣਾ ਜ਼ਿੰਮੇਵਾਰ ਹੈ। ਪੰਜਾਬੀਆਂ ਦੇ ਬਾਬੇ ਨਾਨਕ ਦਾ ਦੱਸਿਆ ਸਾਂਝੀਵਾਲਤਾ ਦਾ ਮਾਰਗ ਨਹੀਂ ਅਪਣਾਇਆ, ਸਾਂਝੀਵਾਲਤਾ ਦਾ ਗੁਰਵਾਕ ਗੁਰਦੁਆਰਿਆਂ, ਭਾਸ਼ਣਾਂ ਤੇ ਲੇਖਾਂ ਤੱਕ ਸੀਮਤ ਹੋ ਗਿਆ, ਸਮਾਜਿਕ ਭਾਈਚਾਰੇ ਵਿੱਚੋਂ ਸਾਂਝੀਵਾਲਤਾ ਕਿਰ ਚੁੱਕੀ ਹੈ। ਖਰਚੀਲੇ ਵਿਆਹ, ਝੂਠੀ ਸ਼ਾਨੋ ਸ਼ੌਕਤ, ਟਰੈਕਟਰਾਂ 'ਤੇ ਮੋਟਰ ਸਾਈਕਲ ਦੀ ਖਿੱਚ ਨੇ ਸਮਾਜਿਕ ਊਰਜਾ ਡੀਕ ਲਈ ਹੈ। ਕਿਸਾਨਾਂ ਦੇ ਪੁੱਤਰ ਕਿਰਤ 'ਚੋਂ ਸਵੈਮਾਣ ਤਲਾਸ਼ਣ ਦੀ ਥਾਂ, ਫੋਕੀ ਹੈਂਕੜ ਵਾਲੇ ਜੱਟਵਾਦ ਦੇ ਗਾਣਿਆਂ 'ਚ ਆਪਣਾ ਅਕਸ ਲੱਭਦੇ ਹਨ। ਤਾਕਤਵਰ ਸਿਆਸਤਦਾਨਾਂ ਦੇ ਘੋਲ ਵਿੱਚ ਆਮ ਪੰਜਾਬੀ ਅੱਜ ਨਿਤਾਣਾ ਹੋਇਆ ਖੜਾ ਹੈ।

ਕੀ ਇਨ੍ਹਾਂ ਤਾਕਤਵਾਰ ਸਿਆਸਤਦਾਨਾਂ ਦਾ ਕੋਈ ਵਿਰੋਧ ਕੀਤਾ ਜਾ ਸਕਦਾ ਹੈ? ਜੇ ਤੁਸੀਂ ਧਿਆਨ ਨਾਲ ਵੇਖੋ ਤਾਂ ਸਾਰੀਆਂ ਪਾਰਟੀਆਂ ਦੇ ਸਿਆਸਤਦਾਨ ਇਕੋ ਜਿਹੇ ਵਿਖਾਈ ਦਿੰਦੇ ਹਨ। ਉਨ੍ਹਾਂ ਕੋਲ ਵੱਡੇ ਪੱਧਰ ਦੇ ਆਰਥਿਕ ਵਸੀਲੇ ਹਨ ਤੇ ਵੱਡੇ-ਵੱਡੇ ਸਿਆਸੀ ਪਰਵਾਰਾਂ ਨਾਲ ਸਬੰਧ। ਕੀ ਉਨ੍ਹਾਂ ਅੰਦਰ ਕੋਈ ਆਤਮਾ ਬਚੀ ਹੈ? ਆਤਮਾ ਨੂੰ ਬਚਾਉਣਾ ਬਹੁਤ ਮੁਸ਼ਕਲ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, 'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥' ਭਾਵ ਜਿਹੜੇ ਹਾਕਮ ਲੋਕਾਂ ਦਾ ਖ਼ੂਨ ਪੀਂਦੇ ਹਨ, ਕੀ ਉਨ੍ਹਾਂ ਦੇ ਚਿੱਤ ਵੀ ਕਦੇ ਨਿਰਮਲ ਹੋ ਸਕਦੇ ਹਨ। ਜੋ ਗੁਰੂ ਨਾਨਕ ਦੇਵ ਜੀ ਨੇ ਆਪਣੇ ਵੇਲਿਆਂ ਦੇ ਆਗੂਆਂ ਲਈ ਕਿਹਾ ਸੀ, ਉਹ ਇਸ ਵੇਲੇ ਦੇ ਆਗੂਆਂ 'ਤੇ ਵੀ ਲਾਗੂ ਹੁੰਦਾ ਹੈ, 'ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥ ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥' ਭਾਵ ਜਿਹੜੇ ਆਗੂ ਝੂਠ ਬੋਲਦੇ ਹਨ, ਮੁਰਦਾਰ ਖਾਂਦੇ ਹਨ, ਦੂਸਰਿਆਂ ਨੂੰ ਸਮਝਾਉਣ ਦਾ ਢੌਂਗ ਕਰਦੇ ਹਨ, ਪਰ ਅਸਲ ਵਿੱਚ ਉਹ ਦੂਸਰਿਆਂ ਨੂੰ ਧੋਖਾ ਦੇਣ ਦੇ ਨਾਲ-ਨਾਲ ਆਪਣੇ ਆਪ ਨੂੰ ਵੀ ਧੋਖਾ ਦਿੰਦੇ ਹਨ।

ਸਤਾਰ੍ਹਵੀਂ ਲੋਕ ਸਭਾ ਲਈ ਚੋਣਾਂ ਹੋਣੀਆਂ ਹਨ। ਇਨ੍ਹਾਂ ਚੋਣਾਂ ਵਿੱਚ ਬਠਿੰਡਾ ਤੋਂ ਸ਼੍ਰੀਮਤੀ ਵੀਰਪਾਲ ਕੌਰ ਨੇ ਚੋਣਾਂ ਲਈ ਕਾਗਜ਼ ਦਾਖਲ ਕੀਤੇ ਹਨ। ਉਹ ਮਾਨਸਾ ਦੇ ਪਿੰਡ ਰੱਲਾ ਦੀ ਰਹਿਣ ਵਾਲੀ ਹੈ। ਉਸ ਦੇ ਘਰ ਦੇ ਤਿੰਨ ਜੀਆਂ ਪਿਤਾ, ਪਤੀ ਤੇ ਸਹੁਰੇ ਨੇ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਲਈ। ਸਰਕਾਰੀ ਦਫਤਰਾਂ ਵਿੱਚ ਰੁਲਣ ਪਿੱਛੋਂ ਉਹ ਧਰਨਿਆਂ ਤੇ ਮੁਜ਼ਾਹਰਿਆਂ ਵਿੱਚ ਗਈ, ਪਰ ਕਿਸੇ ਨੇ ਵੀ ਉਹਦੀ ਬਾਂਹ ਨਾ ਫੜੀ। ਉਹ ਆਪਣੇ ਪਿੰਡ ਦੇ ਲੋਕਾਂ ਦੀ ਮਦਦ ਨਾਲ ਆਪਣੇ ਬੱਚਿਆਂ ਨੂੰ ਪੜ੍ਹਾ ਰਹੀ ਹੈ। ਉਸ ਦੀ ਕਵਰਿੰਗ ਉਮੀਦਵਾਰ ਮਨਜੀਤ ਕੌਰ ਬਣੀ, ਜਿਸ ਦੇ ਪਤੀ ਨੇ ਅੱਠ ਸਾਲ ਪਹਿਲਾਂ ਖੁਦਕੁਸ਼ੀ ਕਰ ਲਈ ਸੀ। ਉਸ ਨੂੰ ਕੋਈ ਸਰਕਾਰੀ ਮਦਦ ਨਹੀਂ ਮਿਲੀ।

ਕੀ ਕੋਈ ਵੀਰਪਾਲ ਕੌਰ ਨੂੰ ਵੋਟ ਪਾਏਗਾ? ਹਾਂ, ਕੁਝ ਲੋਕ ਉਸ ਨੂੰ ਜ਼ਰੂਰ ਵੋਟ ਪਾਉਣਗੇ, ਪਰ ਸਾਰੇ ਜਾਣਦੇ ਹਨ ਕਿ ਉਹ ਉਹ ਲੜਾਈ ਲੜ ਰਹੀ ਹੈ, ਜਿਸ ਵਿੱਚ ਉਸ ਦੀ ਹਾਰ ਨਿਸ਼ਚਿਤ ਹੈ। ਇਹੋ ਜਿਹੀ ਲੜਾਈ ਲੜਨੀ ਸੌਖੀ ਨਹੀਂ ਹੁੰਦੀ। ਇਸ ਲਈ ਵੱਡੀ ਹਿੰਮਤ ਤੇ ਜ਼ੇਰੇ ਦੀ ਲੋੜ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਨਿਰਾਸ਼ਾਮਈ ਮਾਹੌਲ ਵਿੱਚ ਇਹ ਔਰਤਾਂ ਅੰਤਾਂ ਦੀ ਹਿੰਮਤ ਨਾਲ ਆਪਣਾ ਵਿਰੋਧ ਤੇ ਰੋਸ ਦਰਜ ਕਰਾ ਰਹੀਆਂ ਹਨ। ਇਹ ਵਿਰੋਧ ਪ੍ਰਤੀਕਮਈ ਹੈ, ਸਾਡੇ ਰਾਜ ਪ੍ਰਬੰਧ ਉਤੇ ਸਵਾਲੀਆ ਨਿਸ਼ਾਨ ਖੜੇ ਕਰਦਾ ਹੈ, ਪੰਜਾਬ ਦੀ ਸੁੱਤੀ ਹੋਈ ਆਤਮਾ ਨੂੰ ਜਗਾਉਣ ਦਾ ਉਪਰਾਲਾ ਹੈ, ਇਹ ਇਨ੍ਹਾਂ ਔਰਤਾਂ ਅੰਦਰ ਇਕੱਠੀ ਹੋਈ ਪੀੜ ਤੇ ਵੇਦਨਾ ਦਾ ਚਿੰਨ੍ਹ ਹੈ। ਇਹ ਪੰਜਾਬ ਦੀਆਂ ਬਹਾਦਰ ਤੀਵੀਆਂ ਹਨ, ਪੰਜਾਬ ਦੇ ਹੱਕ ਸੱਚ 'ਤੇ ਪਹਿਰਾ ਦੇਣ ਵਾਲੀਆਂ ਵਣਜਾਰਨਾਂ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, 'ਸਾਚ ਵਖਰ ਕੇ ਹਮ ਵਣਜਾਰੇ॥'

ਕਿਸੇ ਨੇ ਮੈਨੂੰ ਪੁੱਛਿਆ ਕਿ ਇਨ੍ਹਾਂ ਬੀਬੀਆਂ ਦਾ ਮੈਨੀਫੈਸਟੋ ਕੀ ਹੈ। ਮੈਂ ਕਿਹਾ, ਇਨ੍ਹਾਂ ਬੀਬੀਆਂ ਦਾ ਜਿਊਣਾ ਹੀ ਉਨ੍ਹਾਂ ਦਾ ਮੈਨੀਫੈਸਟੋ ਹੈ, ਇਨ੍ਹਾਂ ਦੀ ਹੋਂਦ ਪੰਜਾਬ ਦਾ ਮੈਨੀਫੈਸਟੋ ਹੈ। ਇਨ੍ਹਾਂ ਦਾ ਮੈਨੀਫੈਸਟੋ ਹੈ ਸਰਮਾਏਦਾਰੀ ਸੰਰਚਨਾਵਾਂ ਵਿੱਚ ਘਿਰੇ ਪੰਜਾਬੀ ਬੰਦੇ ਦੀ ਬੇਗਾਨਗੀ, ਇਕਲਾਪਾ, ਸੰਘਰਸ਼ ਅਤੇ ਜ਼ਿੰਦਗੀ ਲਈ ਉਹਦੀ ਲਲਕ। ਇਹ ਬੀਬੀਆਂ ਖੁਦ ਅੱਜ ਦੇ ਪੰਜਾਬ ਦੀ ਕੋਹੀ ਹੋਈ ਰੂਹ ਦਾ ਮੈਨੀਫੈਸਟੋ ਹਨ। ਇਨ੍ਹਾਂ ਦਾ ਮੈਨੀਫੈਸਟੋ ਹੈ ਗੜ੍ਹ ਗੜ੍ਹ ਕਰਦੇ ਵੱਜਦੇ ਪੌਪ ਗਾਣਿਆਂ ਤੇ ਡੀ ਜੇ ਦੇ ਧੁਨਾਂ ਦੇ ਹੱਸਦੇ ਤੇ ਨੱਚਦੇ ਦਿਸਦੇ ਪੰਜਾਬ ਅੰਦਰਲੀ ਖਾਮੋਸ਼ੀ ਤੇ ਇਕੱਲ। ਇਨ੍ਹਾਂ ਦਾ ਮੈਨੀਫੈਸਟੋ ਹੈ ਇਨ੍ਹਾਂ ਦਾ ਹੌਸਲਾ, ਸਥਾਪਤੀ ਵਿਰੁੱਧ ਪੈਂਤੜਾ ਲੈਣ ਦੀ ਇਨ੍ਹਾਂ ਦੀ ਹਿੰਮਤ, ਨਵੇਂ ਸਫਰ 'ਤੇ ਤੁਰਨ ਦੀ ਜ਼ਿੱਦ। ਉਹ ਜਾਣਦੀਆਂ ਹਨ ਕਿ ਉਹ ਹਾਰ ਜਾਣਗੀਆਂ। ਉਨ੍ਹਾਂ ਦੀ ਹਾਰ ਹੀ ਉਨ੍ਹਾਂ ਦੀ ਜਿੱਤ ਹੈ। ਉਨ੍ਹਾਂ ਦਾ ਸਫਰ ਹੀ ਉਨ੍ਹਾਂ ਦਾ ਵਿਜੈ ਨਾਦ ਹੈ।

# ਡਿਗਰੀਆਂ ਵਧੀਆਂ, ਪਰ ਘਟ ਗਈ ਸਿਆਣਪ

-ਪ੍ਰਿੰ. ਵਿਜੈ ਕੁਮਾਰ

ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਰੁਜ਼ਗਾਰ ਦਿਵਾਉਣ ਦੇ ਨਾਲ-ਨਾਲ ਚੰਗੇ ਇਨਸਾਨ ਬਣਾਉਣ ਦੀ ਹਾਮੀ ਵੀ ਭਰਦੀ ਹੈ ਤੇ ਜ਼ਿੰਦਗੀ ਦੀ ਹਕੀਕਤ ਨਾਲ ਰੂ-ਬ-ਰੂ ਕਰਾਉਂਦੀ ਹੈ। ਸਿੱਖਿਆ ਮਨੁੱਖ ਦੇ ਗਿਆਨ ਦਾ ਤੀਜਾ ਨੇਤਰ ਖੋਲ੍ਹਦੀ ਹੈ। ਇਸ ਦੇ ਉਦੇਸ਼ ਤੇ ਸਿਧਾਂਤ ਮਨੁੱਖ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਸਿੱਖਿਆ ਪ੍ਰਾਪਤ ਇਨਸਾਨ ਉਜੱਡਾਂ ਤੇ ਬੇਗੁਰਿਆਂ ਤੋਂ ਅੱਡ ਹੁੰਦਾ ਹੈ। ਉਸ ਨੂੰ ਜ਼ਿੰਦਗੀ ਜਿਊਣ ਦੀ ਜਾਚ ਆ ਜਾਂਦੀ ਹੈ। ਸਮਾਜ ਵਿੱਚ ਵਿਚਰਨਾ ਸਿੱਖ ਜਾਂਦਾ ਹੈ। ਜੇ ਪੜ੍ਹਿਆ ਲਿਖਿਆ ਇਨਸਾਨ ਆਪਣੇ ਆਪ ਨੂੰ ਸਿੱਖਿਆ ਸਿਧਾਂਤਾਂ ਤੇ ਉਦੇਸ਼ਾਂ ਦੇ ਮੇਚ ਦਾ ਨਹੀਂ ਕਰ ਸਕਦਾ ਤਾਂ ਉਸ ਕੋਲ ਪੜ੍ਹਾਈ ਦੀਆਂ ਡਿਗਰੀਆਂ ਹੋ ਸਕਦੀਆਂ ਹਨ, ਪਰ ਉਹ ਚੰਗਾ ਇਨਸਾਨ ਨਹੀਂ ਕਿਹਾ ਜਾ ਸਕਦਾ।

ਸਾਡੀ ਰਿਸ਼ਤੇਦਾਰੀ ਵਿੱਚ ਇਕ ਸੱਜਣ ਨੇ ਆਪਣੇ ਸਭ ਤੋਂ ਵੱਡੇ ਪੁੱਤ ਨੂੰ ਪੜ੍ਹਾਉਣ ਲਈ ਆਪਣੀ ਜ਼ਿੰਦਗੀ ਜਿਊਣ ਦਾ ਸਾਧਨ ਜੀ ਪੀ ਐਫ ਦੇ ਫੰਡ ਦਾ ਅੱਧਾ ਹਿੱਸਾ ਖਰਚ ਕਰ ਦਿੱਤਾ। ਉਸ ਦਾ ਪਿਓ ਕਹੇ ਕਿ ਉਸ ਦੇ ਪੁੱਤਰ ਨੇ ਪੀ ਐਚ ਡੀ ਕਰਕੇ ਸਮਾਜ ਵਿੱਚ ਉਸ ਦਾ ਸਿਰ ਉਚਾ ਕਰ ਦਿੱਤਾ ਹੈ। ਪੁੱਤਰ ਸਰਕਾਰੀ ਕਾਲਜ 'ਚ ਪ੍ਰੋਫੈਸਰ ਲੱਗ ਗਿਆ, ਉਸ ਦਾ ਪਿਓ ਧਰਤੀ ਨੂੰ ਹੱਥ ਲਾ-ਲਾ ਕੇ ਕਹੇ ਕਿ ਇਹੋ ਜਿਹੇ ਪੁੱਤ ਹਰ ਘਰ ਜੰਮਣ। ਡਾਕਟਰ ਸਾਹਿਬ ਨੂੰ ਪੀ ਐਚ ਡੀ ਦਾ ਇਹੋ ਜਿਹਾ ਨਸ਼ਾ ਚੜ੍ਹਿਆ ਕਿ ਉਸ ਨੇ ਪਿਓ ਦੇ ਸੁਪਨਿਆਂ ਦਾ ਧੂੰਆਂ ਕੱਢ ਦਿੱਤਾ। ਉਸ ਨੇ ਲਵ ਮੈਰਿਜ ਕਰਾਉਣ ਵੇਲੇ ਆਪਣੇ ਪਿਓ ਨੂੰ ਪੁੱਛਿਆ ਤੱਕ ਨਹੀਂ। ਕਾਲਜ ਵਿੱਚ ਲੱਗੀ ਆਪਣੀ ਪਤਨੀ ਨੂੰ ਲੈ ਕੇ ਪਰਵਾਰ ਤੋਂ ਵੱਖਰਾ ਹੋ ਗਿਆ। ਉਸ ਦੇ ਪਿਓ ਨੂੰ ਕਰਜ਼ਾ ਚੁੱਕ ਕੇ ਦੂਜੇ ਬੱਚਿਆਂ ਨੂੰ ਵਿਆਹੁਣਾ ਪਿਆ।

ਜਦੋਂ ਦੇਸ਼ ਵਿੱਚ ਪੜ੍ਹੇ ਲਿਖੇ ਨਹੀਂ ਸੀ, ਮਨਾਂ 'ਚ ਇਕ ਦੂਜੇ ਪ੍ਰਤੀ ਮੋਹ ਹੁੰਦਾ ਸੀ। ਬਜ਼ੁਰਗਾਂ ਦਾ ਪਰਵਾਰਾਂ 'ਚ ਪੂਰਾ ਮਾਣ ਸਤਿਕਾਰ ਸੀ। ਦੁਨਿਆਵੀ ਧਨ ਦੌਲਤ ਨਾਲੋਂ ਸੰਸਕਾਰ, ਮਰਿਆਦਾ ਤੇ ਮਮਤਾ ਦਾ ਧਨ ਵੱਧ ਮਹੱਤਵ ਪੂਰਨ ਹੁੰਦਾ ਸੀ, ਪਰ ਜਿਵੇਂ-ਜਿਵੇਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਪੜ੍ਹਿਆਂ ਲਿਖਿਆਂ ਦੀ ਗਿਣਤੀ ਵਧੀ ਹੈ, ਸਮਾਜ ਨਿਘਾਰ ਵੱਲ ਜਾ ਰਿਹਾ ਹੈ। ਰਿਸ਼ਤਿਆਂ ਵਿੱਚ ਫਾਸਲਾ ਵਧ ਰਿਹਾ ਹੈ। ਬਿਰਧ ਆਸ਼ਰਮਾਂ ਦੀ ਗਿਣਤੀ ਵਧੀ ਹੈ, ਕਿਉਂਕਿ ਅਜੋਕੀ ਨੌਜਵਾਨ ਪੀੜ੍ਹੀ ਲਈ ਬਜ਼ੁਰਗ ਬੋਝ ਬਣਦੇ ਜਾਂਦੇ ਹਨ।

ਇਕ ਪੜ੍ਹੀ ਲਿਖੀ ਧੀ ਨੂੰ ਆਪਣੇ ਬੇਸਹਾਰਾ ਮਾਪਿਆਂ ਨੂੰ ਆਪਣੇ ਕੋਲ ਇਸ ਲਈ ਰੱਖਣਾ ਪਿਆ ਕਿ ਇਕੋ ਇਕ ਅਫਸਰ ਪੁੱਤ ਨੇ ਉਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ। ਜਦੋਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀ ਗਿਣਤੀ ਘੱਟ ਸੀ ਤੇ ਟਾਵੇਂ-ਟਾਵੇਂ ਲੋਕ ਸਿੱਖਿਆ ਪ੍ਰਾਪਤ ਕਰਦੇ ਸਨ, ਉਦੋਂ ਲੋਕਾਂ 'ਚ ਸਬਰ ਸੰਤੋਖ ਸੀ। ਅਦਾਲਤਾਂ ਵਿੱਚ ਜ਼ਮੀਨਾਂ, ਫੌਜਦਾਰੀ, ਤਲਾਕ ਤੇ ਧੋਖੇਬਾਜ਼ੀ ਦੇ ਕੇਸ ਘੱਟ ਹੁੰਦੇ ਸਨ। ਲੋਕ ਅਦਾਲਤਾਂ ਤੇ ਥਾਣਿਆਂ ਵਿੱਚ ਗੇੜੇ ਲਾਉਣ ਨੂੰ ਆਪਣੀ ਬੇਇੱਜ਼ਤੀ ਸਮਝਦੇ ਸਨ। ਅੱਜ ਕਚਹਿਰੀਆਂ ਤੇ ਥਾਣਿਆਂ ਵਿੱਚ ਲੋਕਾਂ ਦੀ ਭੀੜ ਹੈ। ਲੋਕਾਂ ਵਿੱਚ ਬਰਦਾਸ਼ਤ ਕਰਨ ਦਾ ਮਾਦਾ ਘਟੀ ਜਾਂਦਾ ਹੈ। ਇਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਭਾਵਨਾ ਵਧਦੀ ਜਾ ਰਹੀ ਹੈ। ਕ੍ਰੋਧ, ਲੋਭ ਤੇ ਹੰਕਾਰ ਸਾਡੇ ਮਨਾਂ 'ਤੇ ਭਾਰੂ ਹੁੰਦਾ ਜਾ ਰਿਹਾ ਹੈ।

ਇਕ ਪੜ੍ਹੀ ਲਿਖੀ ਕੁੜੀ ਵਿਆਹ ਦੇ ਪੰਦਰਾਂ ਦਿਨਾਂ ਮਗਰੋਂ ਆਪਣੇ ਪੇਕੇ ਘਰ ਆ ਬੈਠੀ। ਮੁੰਡੇ ਵਾਲੇ ਸੱਤ ਜਣੇ ਉਸ ਨੂੰ ਲੈਣ ਲਈ ਆਏ। ਪੰਚਾਇਤ ਹੋਈ। ਮਾਂ ਬਾਪ ਨੇ ਇਹ ਕਹਿ ਕੇ ਸਮਝਾਇਆ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਦਾ ਕੋਈ ਝਾਲੂ ਨਹੀਂ ਹੋਵੇਗਾ, ਪਰ ਉਸ ਨੇ ਉਨ੍ਹਾਂ ਦੀ ਇਕ ਨਾ ਮੰਨੀ। ਕੁਝ ਸਮੇਂ ਬਾਅਦ ਪਤਾ ਲੱਗਾ ਕਿ ਉਹ ਹੋਰ ਕਿਸੇ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਉਹ ਉਸ ਦੇ ਘਰ ਤਾਂ ਪਹੁੰਚ ਗਈ, ਪਰ ਵੱਸੀ ਉਸ ਘਰ ਵੀ ਨਹੀਂ।

ਅਜੋਕੀ ਪੜ੍ਹੀ ਲਿਖੀ ਪੀੜ੍ਹੀ ਨਵੀਆਂ ਕਾਰਾਂ ਦੇ ਮਾਡਲਾਂ, ਮੋਟਰ ਸਾਈਕਲਾਂ ਦੀਆਂ ਕਿਸਮਾਂ, ਮੋਬਾਈਲਾਂ, ਫੇਸਬੁੱਕ ਤੇ ਸਾਫਟਵੇਅਰਾਂ ਦੇ ਜੰਜਾਲ ਵਿੱਚ ਫਸ ਕੇ ਜ਼ਿੰਦਗੀ ਜਿਊਣ ਦੇ ਗੁਰਾਂ ਤੋਂ ਪਰ੍ਹੇ ਹੁੰਦੀ ਜਾਂਦੀ ਹੈ। ਚੰਗੀ ਵਿੱਦਿਅਕ ਯੋਗਤਾ ਰੱਖਣ ਵਾਲਾ ਇਕ ਨੌਜਵਾਨ ਹਿੰਦੋਸਤਾਨ ਦੀ ਨਾਮੀ ਕੰਪਨੀ ਵਿੱਚ ਚੰਗੀ ਤਨਖਾਹ ਲੈ ਕੇ ਆਪਣੇ ਪਰਵਾਰ ਦਾ ਸ਼ਾਨਦਾਰ ਗੁਜ਼ਾਰਾ ਕਰ ਰਿਹਾ ਸੀ, ਪਰ ਡਾਲਰਾਂ, ਪੌਂਡਾਂ ਤੇ ਪੇਟੀਕੋਟ ਵੀਜ਼ੇ ਨੇ ਉਸ ਦਾ ਮਨ ਚੁੱਕ ਦਿੱਤਾ। ਪਿਓ ਦੇ ਨਾਸੀਂ ਧੂੰਆ ਚਾੜ੍ਹ ਕੇ ਉਸ ਨੇ ਗੁਜ਼ਾਰੇ ਯੋਗ ਜ਼ਮੀਨ ਗਹਿਣੇ ਧਰਾਈ ਤੇ ਵਿਦੇਸ਼ ਜਾਣ ਦਾ ਪ੍ਰੋਗਰਾਮ ਬਣਾ ਲਿਆ। ਨਾ ਵਿਦੇਸ਼ ਜਾ ਸਕਿਆ ਤੇ ਪੱਲੇ ਜ਼ਮੀਨ ਵੀ ਨਾ ਰਹੀ। ਨੌਕਰੀ ਹੱਥੋਂ ਜਾਂਦੀ ਰਹੀ। ਅੱਜ ਉਹ ਨਸ਼ਿਆਂ ਦਾ ਸ਼ਿਕਾਰ ਹੋ ਕੇ ਧੱਕੇ ਖਾਂਦਾ ਘੁੰਮ ਰਿਹਾ ਹੈ।

ਇਮਾਨਦਾਰੀ ਵਾਲੀ ਨੌਕਰੀ ਤੇ ਸਬਰ ਸਿਦਕ ਵਾਲਾ ਧੰਦਾ ਕਰਨਾ ਲੋਕਾਂ ਦੀ ਪਸੰਦ ਤੋਂ ਦੂਰ ਹੁੰਦੇ ਜਾਂਦੇ ਹਨ। ਹਰ ਬੰਦਾ ਰਾਤੋ ਰਾਤ ਕਰੋੜਪਤੀ ਬਣਨ ਦੀ ਦੌੜ ਵਿੱਚ ਹੈ। ਸਬਰ, ਸੰਤੋਖ, ਸਿਦਕ ਅਤੇ ਇਮਾਨਦਾਰੀ ਦੀ ਗੱਲ ਕਰਨ ਵਾਲੇ ਲੋਕਾਂ ਨੂੰ ਮੂਰਖ ਤੇ ਸਿਰਫਿਰੇ ਸਮਝਿਆ ਜਾਂਦਾ ਹੈ। ਦੋ ਨੰਬਰ ਦੀ ਕਮਾਈ ਵਾਲੀ ਨੌਕਰੀ ਲਈ ਲੋਕ ਲੱਖਾਂ ਰੁਪਏ ਰਿਸ਼ਵਤ ਦੇਣ ਨੂੰ ਤਿਆਰ ਹੋ ਜਾਂਦੇ ਹਨ। ਇਕ ਨੌਜਵਾਨ ਨੇ ਰਿਸ਼ਵਤ ਵਾਲੀ ਨੌਕਰੀ ਲੈਣ ਲਈ ਘਰ ਦੀ ਜ਼ਮੀਨ ਵੇਚ ਦਿੱਤੀ। ਉਸ ਨੂੰ ਕਿਸੇ ਨੇ ਸਵਾਲ ਕੀਤਾ ਕਿ ਨੌਕਰੀ ਲੈਣ ਲਈ ਜ਼ਮੀਨ ਵੇਚਣ ਦੀ ਕੀ ਲੋੜ ਸੀ। ਜੇ ਤੂੰ ਆਪਣੀ ਜ਼ਮੀਨ 'ਤੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਤਾਂ ਨੌਕਰੀ ਕਰਨ ਦੀ ਲੋੜ ਹੀ ਨਹੀਂ ਸੀ ਪੈਣੀ। ਉਸ ਨੇ ਅੱਗਿਓਂ ਜਵਾਬ ਦਿੱਤਾ, 'ਭਾਈ ਸਾਹਿਬ, ਇਸ ਨੌਕਰੀ ਤੋਂ ਹੋਣ ਵਾਲੀ ਦੋ ਨੰਬਰ ਦੀ ਕਮਾਈ ਨਾਲ ਸਾਲ ਵਿੱਚ ਜ਼ਮੀਨ ਖਰੀਦੀ ਜਾ ਸਕਦੀ ਹੈ।'

ਧਨਾਢ ਤੇ ਤਾਕਤਵਰ ਹੋਣ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ, ਪਰ ਇਸ ਦੌੜ ਦੇ ਅੰਨ੍ਹੇਪਣ ਵਿੱਚ ਅਸੀਂ ਜ਼ਿੰਦਗੀ ਦਾ ਕਿੰਨਾ ਕੁਝ ਗੁਆਉਂਦੇ ਜਾ ਰਹੇ ਹਾਂ, ਇਸ ਦਾ ਕਿਸੇ ਨੂੰ ਅੰਦਾਜ਼ਾ ਨਹੀਂ। ਅਸੀਂ ਚੰਗੇ ਤੋਂ ਮੰਦਾ ਵੱਧ ਬੋਲਦੇ ਹਾਂ। ਸਾਡੇ ਦੇਸ਼ ਵਿੱਚ ਕਿਤਾਬਾਂ ਨਾਲੋਂ ਸ਼ਰਾਬ ਦੀਆਂ ਬੋਤਲਾਂ ਵੱਧ ਵਿਕਦੀਆਂ ਹਨ। ਸਕੂਲ ਘੱਟ ਰਹੇ ਹਨ ਤੇ ਠੇਕੇ ਵਧ ਰਹੇ ਹਨ। ਸਾਡੀ ਆਪਣਿਆਂ ਨਾਲੋਂ ਗੈਰਾਂ ਨਾਲ ਵੱਧ ਬਣਦੀ ਹੈ। ਰਿਸ਼ਤਿਆਂ ਦੇ ਨਿੱਘ ਦੀ ਫੂਕ ਨਿਕਲਦੀ ਜਾ ਰਹੀ ਹੈ। ਅਸੀਂ ਚੰਗਿਆਈ ਨਾਲੋਂ ਬੁਰਿਆਈ ਨੂੰ ਸੁਣਨ ਦੇ ਵੱਧ ਚਾਹਵਾਨ ਹੁੰਦੇ ਹਾਂ। ਬੱਚੇ ਦੂਰ ਦੁਰਾਡੇ ਸ਼ਹਿਰਾਂ ਤੇ ਵਿਦੇਸ਼ਾਂ ਵਿੱਚ ਜਾ ਕੇ ਵਸ ਰਹੇ ਹਨ। ਮਾਪਿਆਂ ਦਾ ਬੁਢਾਪਾ ਰੁਲ ਰਿਹਾ ਹੈ। ਦੂਰ ਵਸਦੇ ਬੱਚੇ ਮਾਂ ਬਾਪ ਦੇ ਦਾਹ ਸਸਕਾਰ ਤੋਂ ਬਾਅਦ ਹੀ ਪਹੁੰਚਦੇ ਹਨ। ਮਾਪਿਆਂ ਦਾ ਮਰਨਾ ਧਰਨਾ ਕਰਨ ਨਾਲੋਂ ਉਨ੍ਹਾਂ ਨੂੰ ਨੌਕਰੀ 'ਤੇ ਪਹੁੰਚਣ ਦੀ ਜਲਦੀ ਹੁੰਦੀ ਹੈ।

ਸਾਡੇ ਕੋਲ ਡਿਗਰੀਆਂ ਵਧ ਰਹੀਆਂ ਹਨ, ਸੂਝ ਬੂਝ ਘੱਟ ਰਹੀ ਹੈ। ਜਦੋਂ ਲੋਕ ਬਹੁਤੇ ਪੜ੍ਹੇ ਲਿਖੇ ਨਹੀਂ ਸੀ ਹੁੰਦੇ, ਉਨ੍ਹਾਂ ਦੇ ਦਿਲ ਸੱਚੇ ਸਨ। ਹਰੇਕ ਨਾਲ ਰਿਸ਼ਤਾ ਦਿਲੋਂ ਨਿਭਾਉਂਦੇ ਸਨ, ਪਰ ਅਜੋਕੀ ਪੀੜ੍ਹੀ ਪੜ੍ਹ ਲਿਖ ਕੇ ਡਿਗਰੀਆਂ ਤਾਂ ਹਾਸਲ ਕਰ ਰਹੀ ਹੈ, ਉਨ੍ਹਾਂ ਨੂੰ ਸਮਾਜ 'ਚ ਵਿਚਰਨ ਦਾ ਸਲੀਕਾ ਨਹੀਂ ਆਉਂਦਾ। ਰਿਸ਼ਤੇ ਨਿਭਾਉਣ ਦੀ ਥਾਂ ਅਜੋਕੀ ਪੀੜ੍ਹੀ ਰਿਸ਼ਤਿਆਂ ਨੂੰ ਬੋਝ ਸਮਝਦੀ ਹੈ। ਅੱਜ ਦੇ ਪੜ੍ਹਿਆਂ ਲਿਖਿਆਂ ਨਾਲੋਂ ਤਾਂ ਪੁਰਾਣੇ ਸਮੇਂ ਦੇ ਅਨਪੜ੍ਹ ਹੀ ਕਿਤੇ ਚੰਗੇ ਸੀ।

## ਗੋਆ ਤੋਂ ਕਤਲ ਕਰ ਕੇ ਭੱਜਾ ਟਰੈਵਲ ਏਜੰਟ ਲੁਧਿਆਣੇ ਤੋਂ ਕਾਬੂ

ਲੁਧਿਆਣਾ, 5 ਮਈ (ਪੋਸਟ ਬਿਊਰੋ)- ਚੰਡੀਗੜ੍ਹ ਨਾਲ ਸੰਬੰਧਤ ਟਰੈਵਲ ਏਜੰਟ ਨੂੰ ਗੋਆ ਪੁਲਸ ਨੇ ਏਥੇ ਬਸ ਅੱਡੇ ਨੇੜੇ ਇੱਕ ਹੋਟਲ ਵਿੱਚੋਂ ਆ ਕੇ ਫੜਿਆ ਅਤੇ ਉਸ ਨੂੰ ਆਪਣੇ ਨਾਲ ਗੋਆ ਲੈ ਗਈ ਹੈ। ਗੋਆ ਦੇ ਪਣਜੀ ਵਿੱਚ ਉਸ ਦੇ ਵਿਰੁੱਧ ਕਤਲ ਕਰਨ ਦਾ ਇੱਕ ਮਾਮਲਾ ਦਰਜ ਦੱਸਿਆ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਗੋਆ ਦੇ ਅਰਪੋਰਾ ਵਿੱਚ ਚੰਡੀਗੜ੍ਹ ਦਾ ਇੱਕ ਜੋੜਾ ਸੁਖਵਿੰਦਰ ਸਿੰਘ ਤੇ ਅਲਕਾ ਸੈਣੀ ਘੁੰਮਣ ਗਏ ਸਨ। 27 ਅਪ੍ਰੈਲ ਨੂੰ ਹੋਟਲ ਵਿੱਚ ਉਨ੍ਹਾਂ ਦੀ ਕਿਸੇ ਗੱਲ ਤੋਂ ਤਕਰਾਰ ਹੋ ਗਈ। ਇਸ ਦੌਰਾਨ ਸੁਖਵਿੰਦਰ ਨੇ ਅਲਕਾ ਦੇ ਗਲੇ ਉੱਤੇ ਸਬਜ਼ੀ ਕੱਟਣ ਵਾਲਾ ਚਾਕੂ ਮਾਰ ਦਿੱਤਾ ਤਾਂ ਉਸ ਦੀ ਮੌਤ ਹੋ ਗਈ। ਫਿਰ ਸੁਖਵਿੰਦਰ ਚੈਕ ਆਊਟ ਕਰ ਕੇ ਹੋਟਲ ਵਿੱਚੋਂ ਚਲਾ ਗਿਆ। ਜਦੋਂ ਹੋਟਲ ਦੇ ਕਲੀਅਰਿੰਗ ਸਟਾਫ ਨੇ ਕਮਰੇ ਦੀ ਸਫਾਈ ਕਰਨੀ ਚਾਹੀ ਤਾਂ ਔਰਤ ਦੀ ਲਾਸ਼ ਖ਼ੂਨ ਨਾਲ ਲਥਪਥ ਹਾਲਤ ਵਿੱਚ ਪਈ ਵੇਖੀ। ਉਨ੍ਹਾਂ ਨੇ ਪਣਜੀ (ਗੋਆ) ਪੁਲਸ ਨੂੰ ਇਸ ਬਾਰੇ ਇਤਲਾਹ ਕੀਤੀ। ਪੁਲਸ ਨੇ ਮੌਕੇ 'ਤੇ ਪੁੱਜ ਕੇ ਪੜਤਾਲ ਸ਼ੁਰੂ ਕਰ ਦਿੱਤੀ। ਪਤਾ ਲੱਗਾ ਹੈ ਕਿ ਸੁਖਵਿੰਦਰ ਓਥੋਂ ਭੱਜ ਕੇ ਪਹਿਲਾਂ ਦਿੱਲੀ, ਫੇਰ ਕਪੂਰਥਲਾ, ਚੰਡੀਗੜ੍ਹ ਤੇ ਬਾਅਦ ਵਿੱਚ ਲੁਧਿਆਣਾ ਆਇਆ ਸੀ। ਪੁਲਸ ਉਹਦੇ ਮੋਬਾਈਲ ਦੀ ਲੋਕੇਸ਼ਨ 'ਤੇ ਭਾਲ ਕਰ ਰਹੀ ਸੀ। ਸ਼ੁੱਕਰਵਾਰ ਦੁਪਹਿਰੇ ਗੋਆ ਦੀ ਪੁਲਸ ਸਿਵਲ ਡਰੈੱਸ ਵਿੱਚ ਬਸ ਸਟੈਂਡ ਲਾਗੇ ਪੈਂਦੇ ਹੋਟਲ ਵਿੱਚ ਗਈ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪਣਜੀ (ਗੋਆ) ਦੇ ਕਰਾਈਮ ਸੈਲ ਦੇ ਐਸ ਪੀ ਪੰਕਜ ਨੇ ਗ੍ਰਿਫਤਾਰੀ ਦੀ ਤਾਈਦ ਕੀਤੀ ਅਤੇ ਕਿਹਾ ਕਿ ਸੁਖਵਿੰਦਰ ਨੂੰ ਹੋਟਲ ਦੇ ਕਮਰੇ ਵਿੱਚੋਂ ਕਾਬੂ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦਾ ਭਰਤੀ ਘੋਟਾਲਾ

# ਐਡੀਸ਼ਨਲ ਸੈਕਟਰੀ ਨੇ ਪੱਕੀ ਨੌਕਰੀ ਬਦਲੇ ਪਹਿਲੀ ਕਿਸ਼ਤ ਲਈ 23 ਲੱਖ 85 ਹਜ਼ਾਰ ਵਸੂਲੇ

* ਪੈਸੇ ਲੈਣ ਦੀ ਗੱਲ ਲਿਖਤੀ ਪੱਤਰ ਵਿੱਚ ਮੰਨੀ

ਬਠਿੰਡਾ, 5 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਅਦਾਰਿਆਂ ਵਿੱਚ ਪੱਕੀ ਨੌਕਰੀ ਉੱਤੇ ਲਾਉਣ ਵਾਸਤੇ ਲੱਖਾਂ ਰੁਪਏ ਦੀ ਵਸੂਲੀ ਦਾ ਗੰਭੀਰ ਕੇਸ ਸਾਹਮਣੇ ਆਇਆ ਹੈ।

ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਐਡੀਸ਼ਨਲ ਸਕੱਤਰ ਵਿਜੈ ਸਿੰਘ ਅਤੇ ਇੱਕ ਹੋਰ ਮੁਲਾਜ਼ਮ ਗੁਰਤੇਜ ਸਿੰਘ ਨੇ ਮਿਲ ਕੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ 23 ਲੋਕਾਂ ਕੋਲੋਂ ਪਹਿਲੀ ਕਿਸ਼ਤ ਵਜੋਂ 23 ਲੱਖ 85 ਹਜ਼ਾਰ ਰੁਪਏ ਲਏ ਹੋਣ ਦੇ ਪੱਕੇ ਸਬੂਤ ਮਿਲੇ ਹਨ। ਐਡੀਸ਼ਨਲ ਸੈਕਟਰੀ ਨੇ ਜਿਨ੍ਹਾਂ 23 ਵਿਅਕਤੀਆਂ ਤੋਂ ਪੱਕੀ ਭਰਤੀ ਲਈ 25 ਹਜ਼ਾਰ ਰੁਪਏ ਤੋਂ ਲੈ ਕੇ ਇੱਕ ਲੱਖ ਰੁਪਏ ਲਏ, ਉਨ੍ਹਾਂ ਨੂੰ ਭਰੋਸਾ ਬੰਨ੍ਹਾਉਣ ਲਈ ਉਸ ਨੇ ਸਟੇਟ ਬੈਂਕ ਆਫ ਇੰਡੀਆ ਅਤੇ ਇੰਡੋਸੈਂਡ ਬੈਂਕ ਦੇ ਆਪਣੇ ਚੈੱਕ ਗਾਰੰਟੀ ਵਜੋਂ ਦਿੱਤੇ ਸਨ। ਇਨ੍ਹਾਂ ਚੈੱਕਾਂ ਉਤੇ ਨਾਂਅ ਵਾਲੀ ਥਾਂ ਖਾਲੀ ਛੱਡੀ ਗਈ ਅਤੇ ਦੋ ਲੱਖ ਰੁਪਏ ਤੋਂ ਲੈ ਕੇ 10 ਲੱਖ ਤੱਕ ਰੁਪਏ ਰਕਮ ਭਰੀ ਹੋਈ ਸੀ। ਜਦੋਂ ਨੌਕਰੀ ਨਾ ਮਿਲ ਸਕੀ ਤਾਂ ਦੇਸ ਰਾਜ ਸਿੰਘ ਨਾਂਅ ਦੇ ਪੀੜਤ ਨੇ ਐਡੀਸ਼ਨਲ ਸੈਕਟਰੀ ਬਿਜੈ ਸਿੰਘ ਦਾ ਦਿੱਤਾ ਚੈਕ ਖਾਤੇ ਵਿੱਚ ਲਾਇਆ, ਪਰ ਉਸ ਖਾਤੇ ਵਿੱਚ ਪੈਸੇ ਨਾ ਹੋਣ ਕਾਰਨ ਚੈੱਕ ਬਾਊਂਸ ਹੋ ਗਿਆ। ਐਡੀਸ਼ਨਲ ਸੈਕਟਰੀ ਨੇ ਨੌਕਰੀ ਨਾ ਦਿਵਾ ਸਕਣ ਕਰ ਕੇ ਇਹ ਪੈਸੇ 10 ਮਾਰਚ 2019 ਤੋਂ ਪਹਿਲਾਂ ਵਾਪਸ ਦੇਣ ਦਾ ਲਿਖਤੀ ਵਾਅਦਾ ਵੀ ਕੀਤਾ ਸੀ, ਜਿਸ ਦੀ ਕਾਪੀ ਮੀਡੀਆ ਕੋਲ ਹੈ। ਸਾਰੇ ਕੇਸ ਬਾਰੇ ਸ਼੍ਰੋਮਣੀ ਕਮੇਟੀ ਦੇ ਐਡੀਸ਼ਨਲ ਸੈਕਟਰੀ ਬਿਜੈ ਸਿੰਘ ਨੂੰ ਪੈਸੇ ਦੇਣ ਵਾਲੇ ਪੀੜਤਾਂ ਦੇਸ ਰਾਜ ਸਿੰਘ, ਗਿਆਨੀ ਤਰਸੇਮ ਸਿੰਘ, ਕੁਲਵਿੰਦਰ ਸਿੰਘ, ਗੁਰਚਰਨ ਸਿੰਘ, ਵਿਜੈਇੰਦਰ ਸਿੰਘ, ਪਰਵਿੰਦਰ ਸਿੰਘ ਤੇ ਅੱਧੀ ਦਰਜਨ ਹੋਰਨਾਂ ਨੇ ਕੱਲ੍ਹ ਬਠਿੰਡਾ ਵਿਖੇ ਦਰਬਾਰੇ ਖਾਲਸਾ ਜਥੇਬੰਦੀ ਦੇ ਮੁਖੀ



ਹਰਜਿੰਦਰ ਸਿੰਘ ਮਾਝੀ ਤੇ ਹਰਜੀਤ ਸਿੰਘ ਢਿਪਾਲੀ ਨਾਲ ਮਿਲ ਕੇ ਪ੍ਰੈੱਸ ਕਾਨਫਰੰਸ ਕੀਤੀ ਤੇ ਦੱਸਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮਿਲ ਚੁੱਕੇ ਹਨ, ਜਿਨ੍ਹਾਂ ਨੇ ਜਾਂਚ ਲਈ ਇੱਕ ਸਬ ਕਮੇਟੀ ਬਣਾਈ ਸੀ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਅਗਸਤ 2018 ਵਿੱਚ ਅਖਬਾਰੀ ਇਸ਼ਤਿਹਾਰ ਦੇ ਕੇ ਆਪਣੇ ਵੱਖ-ਵੱਖ ਅਦਾਰਿਆਂ ਵਿੱਚ ਅਧਿਆਪਕ, ਕਲਰਕ, ਸੁਪਰਡੈਂਟ, ਲਾਇਬਰੇਰੀਅਨ ਆਦਿ ਕਈ ਪੋਸਟਾਂ ਕੱਢੀਆਂ ਸਨ ਤੇ ਇਨ੍ਹਾਂ ਲਈ ਭਰਤੀ ਕਰਨ ਵਾਸਤੇ ਓਦੋਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਤੈਨਾਤ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਗੁਰਤੇਜ ਸਿੰਘ ਨੇ ਕੱਚੀ ਨੌਕਰੀ ਕਰਦੇ ਦੇਸ ਰਾਜ ਸਿੰਘ ਅਤੇ 22 ਹੋਰਨਾਂ ਨੂੰ ਐਡੀਸ਼ਨਲ ਸੈਕਟਰੀ ਬਿਜੈ ਸਿੰਘ ਨਾਲ ਮਿਲਾਇਆ ਸੀ। ਬਿਜੈ ਸਿੰਘ ਨੇ ਇਨ੍ਹਾਂ ਪੋਸਟਾਂ ਲਈ ਲਿਆ ਗਿਆ ਪੈਸਾ ਇੱਕ ਸਿਆਸੀ ਪਾਰਟੀ ਦੇ ਪ੍ਰਧਾਨ ਨੂੰ ਪੁਚਾ ਦੇਣ ਦਾ ਦਾਅਵਾ ਕਰਦਿਆਂ ਪਹਿਲੀ ਕਿਸ਼ਤ ਵਜੋਂ ਅੱਧੇ ਪੈਸੇ ਲਏ ਸਨ। ਇਸ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਓਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸ਼ਿਕਾਇਤ ਕੀਤੀ ਸੀ।

ਸਾਰੇ ਕੇਸ ਦਾ ਰੌਲਾ ਪੈ ਜਾਣ ਦੇ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਕੇਸ ਵਿੱਚ ਸ਼ਾਮਲ ਐਡੀਸ਼ਨਲ ਸੈਕਟਰੀ ਬਿਜੈ ਸਿੰਘ ਅਤੇ ਤਖਤ ਦਮਦਮਾ ਸਾਹਿਬ ਵਿਖੇ ਤੈਨਾਤ ਗੁਰਤੇਜ ਸਿੰਘ ਨੂੰ ਸਸਪੈਂਡ ਕਰਨ ਲਈ ਹੁਕਮ ਜਾਰੀ ਕਰ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਸੈਕਟਰੀ ਰੂਪ ਸਿੰਘ ਨੇ ਕਮੇਟੀ ਦੇ ਇਸ ਅਧਿਕਾਰੀ ਤੇ ਮੁਲਾਜ਼ਮ ਵੱਲੋਂ ਪੈਸੇ ਲਏ ਹੋਣ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਅਸਲੇ ਤੇ ਪਾਕਿਸਤਾਨੀ ਕਰੰਸੀ ਨਾਲ ਫੜ੍ਹਿਆ ਬੰਦਾ ਬੱਬਰ ਖਾਲਸਾ ਨਾਲ ਸੰਬੰਧਤ ਹੋਣ ਦਾ ਦਾਅਵਾ

ਨਵਾਂ ਸ਼ਹਿਰ, 5 ਮਈ (ਪੋਸਟ ਬਿਊਰੋ)- ਜ਼ਿਲਾ ਨਵਾਂ ਸ਼ਹਿਰ ਦੀ ਸੀ ਆਈ ਏ ਪੁਲਸ ਨੇ ਤਿੰਨ ਜਣਿਆਂ ਨੂੰ ਦੋ ਪਿਸਤੌਲ, ਕਾਰਤੂਸਾਂ, ਪਾਕਿਸਤਾਨੀ ਕਰੰਸੀ ਅਤੇ 15 ਪਾਸਪੋਰਟਾਂ ਸਮੇਤ ਗ੍ਰਿਫਤਾਰ ਕਰ ਕੇ ਦਾਅਵਾ ਕੀਤਾ ਕਿ ਇਹ ਲੋਕ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਸੰਪਰਕ ਵਿੱਚ ਸਨ ਅਤੇ ਇਨ੍ਹਾਂ ਦਾ ਮਕਸਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣਾ ਸੀ, ਜਿਸ ਦੌਰਾਨ ਪੁਲਸ ਨੂੰ ਸੂਹ ਮਿਲ ਗਈ ਸੀ।

ਐੱਸ ਪੀ (ਇਨਵੈਸਟੀਗੇਸ਼ਨ) ਵਜ਼ੀਰ ਸਿੰਘ ਨੇ ਦੱਸਿਆ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਗੁਰਦੀਪ ਸਿੰਘ ਉਰਫ ਦੀਪ ਉਰਫ ਛੋਟਾ ਕੁਤਰਾ ਵਾਸੀ ਕੌਲਗੜ੍ਹ ਦੇ ਬੱਬਰ ਖਾਲਸਾ ਨਾਲ ਸੰਬੰਧ ਸਨ ਅਤੇ ਉਹ ਸਾਥੀਆਂ ਨਾਲ ਮਿਲ ਕੇ ਵੱਡੀ ਵਾਰਦਾ ਦੀ ਤਿਆਰੀ ਕਰ ਰਿਹਾ ਹੈ। ਜ਼ਿਲ੍ਹਾ ਪੁਲਸ ਮੁਖੀ ਅਲਕਾ ਮੀਣਾ ਦੇ ਹੁਕਮ ਉੱਤੇ ਸੀ ਆਈ ਏ ਪੁਲਸ ਦੇ ਇੰਚਾਰਜ ਅਜੀਤਪਾਲ ਸਿੰਘ ਨੇ ਇਸ ਦੀ ਜਾਂਚ ਸ਼ੁਰੂ ਕੀਤੀ ਤਾਂ ਪੁੱਛਗਿੱਛ ਦੌਰਾਨ ਗੁਰਦੀਪ ਸਿੰਘ ਨੇ ਮੰਨਿਆ ਕਿ ਉਹ ਅਰਵਿੰਦਰ ਸਿੰਘ ਉਰਫ ਮਿੱਠਾ ਵਾਸੀ ਪੱਲੀਆਂ ਖੁਰਦ, ਜੋ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦਾ ਮੈਂਬਰ





ਹੈ, ਦੇ ਸੰਪਰਕ ਵਿੱਚ ਹੈ ਤੇ ਉਸ ਨੇ ਗੁਰਦੀਪਤ ਸਿੰਘ ਨੂੰ ਹਥਿਆਰ ਦਿਵਾਏ ਸਨ। ਪੁਲਸ ਨੇ ਕੁਤਰਾ ਦੀ ਨਿਸ਼ਾਨਦੇਹੀ ਉਤੇ ਇੱਕ ਪਿਸਤੌਲ ਤੇ ਛੇ ਕਾਰਤੂਸ ਬਰਾਮਦ ਕੀਤੇ ਹਨ। ਉਸ ਨੇ ਦੱਸਿਆ ਕਿ ਉਸ ਦੇ ਵਿਦੇਸ਼ ਰਹਿੰਦੇ ਦੋਸਤ ਹਰਸ਼ਪ੍ਰੀਤ ਸਿੰਘ ਨੇ ਵਟਸਐਪ ਉੱਤੇ ਅਰਵਿੰਦਰ ਸਿੰਘ ਉਰਫ ਮਿੱਠਾ ਨਾਲ ਸੰਪਰਕ ਕਰਾਇਆ ਅਤੇ ਉਸ ਨੇ ਪਿੰਡ ਸੜੋਆ ਤੇ ਬਛੌੜੀ ਵਿੱਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸੋਧਣ ਦੀ ਜ਼ਿੰਮੇਵਾਰੀ ਸੌਂਪੀ ਸੀ। ਕੁਤਰਾ ਨੇ ਦੱਸਿਆ ਕਿ ਮਿੱਠਾ ਨੇ ਹਥਿਆਰ ਤੇ ਪੈਸੇ ਦਿਵਾਉਣ ਦਾ ਵਾਅਦਾ ਕੀਤਾ ਤੇ ਉਸ ਨੂੰ ਦਿੱਲੀ ਵਿੱਚ ਮੁਹੰਮਦ ਸ਼ਰੀਫ ਨਾਲ ਸੰਪਰਕ ਕਰਨ ਨੂੰ ਕਿਹਾ। ਉਸ ਨੇ ਆਪਣੇ ਦੋਸਤ ਜਸਪ੍ਰੀਤ ਸਿੰਘ ਨੂੰ ਨਾਲ ਲੈ ਕੇ ਮੁਹੰਮਦ ਸ਼ਰੀਫ ਤੋਂ ਇੱਕ ਲੱਖ ਅੱਸੀ ਹਜ਼ਾਰ ਰੁਪਏ ਦੀ ਰਕਮ ਲਈ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਪੁਲਸ ਨੂੰ ਦੋਸ਼ੀਆਂ ਦਾ ਤਿੰਨ ਦਿਨ ਦਾ ਰਿਮਾਂਡ ਮਿਲ ਗਿਆ ਹੈ।

## ਇੱਕੋ ਪਿੰਡ ਵਿੱਚ ਔਰਤ ਤੇ ਨੌਜਵਾਨ ਦਾ ਵੱਖੋ-ਵੱਖ ਥਾਂਈਂ ਕਤਲ

ਬਲਾਚੌਰ, 5 ਮਈ (ਪੋਸਟ ਬਿਊਰੋ)- ਇਥੇ ਥੋੜ੍ਹੀ ਦੂਰ ਥਾਣਾ ਸਦਰ ਬਲਾਚੌਰ ਦੇ ਪਿੰਡ ਊਧਨਵਾਲ ਵਿੱਚ ਬੀਤੀ ਤਿੰਨ ਤੇ ਚਾਰ ਮਈ ਦੀ ਵਿਚਲਕਾਰਲੀ ਰਾਤ ਨੂੰ ਭੇਤਭਰੇ ਹਾਲਾਤ ਵਿੱਚ ਇੱਕ ਔਰਤ ਦਾ ਤੇਜਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਅਤੇ ਇੱਕ ਨੌਜਵਾਨ ਦੀ ਲਾਸ਼ ਲਟਕੀ ਹੋਈ ਮਿਲੀ ਹੈ। ਸੂਚਨਾ ਮਿਲਦੇ ਸਾਰ ਐੱਸ ਪੀ (ਡੀ) ਵਜੀਰ ਸਿੰਘ ਐਸ ਪੀ ਹੈੱਡਕੁਆਰਟਰ ਹਰੀਸ਼ ਦਿਆਮਾ ਤੇ ਹੋਰ ਪੁਲਸ ਅਫਸਰ ਮੌਕੇ 'ਤੇ ਪੁੱਜੇ।

ਪਤਾ ਲੱਗਾ ਹੈ ਕਿ ਸੁਮਨ (35) ਪਤਨੀ ਸੁਭਾਸ਼ ਚੰਦ ਪਿੰਡ ਊਧਨਵਾਲ ਦੀ ਉਸ ਦੇ ਘਰ ਵਿੱਚ ਤੇਜ਼ਧਾਰ ਹਥਿਆਰ ਨਾਲ ਵੱਢੀ ਟੁੱਕੀ ਲਾਸ਼ ਮਿਲੀ ਹੈ। ਏਸੇ ਪਿੰਡ ਦੇ ਬਿਕਰਮ ਉਰਫ ਬਿੱਕਰ (34) ਪੁੱਤਰ ਕਿਸ਼ਨ ਚੰਦ ਦੀ ਲਾਸ਼ ਬਾਹਰਵਾਰ ਖੇਤਾਂ ਵਿੱਚ ਚੋਅ ਲਾਗਿਓਂ ਮਿਲੀ ਹੈ। ਮ੍ਰਿਤਕਾ ਸੁਮਨ ਦੇ ਵਿਆਹ ਪਿੱਛੋਂ ਲੰਬਾ ਸਮਾਂ ਬੀਤਣ 'ਤੇ ਵੀ ਔਲਾਦ ਨਹੀਂ ਸੀ ਅਤੇ ਉਸ ਨੇ ਆਪਣੇ ਪਰਵਾਰ ਦੀ ਇੱਕ ਬੱਚੀ ਨੂੰ ਗੋਦ ਲਿਆ ਸੀ। ਵੱਖ-ਵੱਖ ਵਿਭਾਗਾਂ ਦੇ ਮਾਹਰਾਂ ਦੀਆਂ ਟੀਮਾਂ ਵੱਖ-ਵੱਖ ਪੱਖਾਂ ਤੋਂ ਜਾਂਚ ਕਰ ਰਹੀਆਂ ਹਨ। ਇਸ ਵਾਰਦਾਤ ਬਾਰੇ ਪਿੰਡ ਵਾਸੀਆਂ ਵੱਲੋਂ ਕਈ ਕਿਆਸ ਲਾਏ ਜਾ ਰਹੇ ਹਨ।

ਗੁਰਪ੍ਰੀਤ ਸਿੰਘ ਉਰਫ ਪ੍ਰੀਤ ਪੁੱਤਰ ਮਰਹੂਮ ਰਾਮ ਕਿਸ਼ਨ ਵਾਸੀ ਮਾਲੇਵਾਲ ਕੰਢੀ ਤਹਿਸੀਲ ਬਲਾਚੌਰ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਤਿੰਨ ਮਈ ਨੂੰ ਆਪਣੀ ਭੈਣ ਨੂੰ ਕਰੀਬ ਸਵੇ ਸੱਤ ਵਜੇ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਉਸ ਦੀ ਭੈਣ ਦਾ ਦਿਓਰ, ਦਰਾਣੀ ਰੇਨੂੰ, ਸੱਸ ਅਤੇ ਪਤੀ ਮਿਲ ਕੇ ਉਸ ਨੂੰ ਪ੍ਰੇਸ਼ਾਨ ਕਰਦੇ ਹਨ। ਕੱਲ੍ਹ ਜਦੋਂ ਪਿੰਡ ਊਧਨਵਾਲ ਆ ਕੇ ਦੇਖਿਆ ਤਾਂ ਉਸ ਦੇ ਘਰ ਦੇ ਨਾਲ ਲੱਗਦੇ ਖੰਡਰ ਮਕਾਨ ਵਿੱਚ ਉਸ ਦੀ ਭੈਣ ਦੀ ਲਾਸ਼ ਖ਼ੂਨ ਨਾਲ ਲਥਪਥ ਪਈ ਸੀ ਅਤੇ ਗਰਦਨ ਦੇ ਪਿੱਛੇ ਤੇਜਧਾਰ ਹਥਿਆਰ ਦੇ ਕੱਟ ਦੇ ਨਿਸ਼ਾਨ ਸਨ। ਉਸ ਦੀ ਭੈਣ ਚਾਰ ਮਹੀਨੇ ਤੋਂ ਗਰਭਵਤੀ ਸੀ। ਇਸ 'ਤੇ ਕੰਵਲਜੀਤ ਸਿੰਘ ਮੁੱਖ ਅਫਸਰ ਥਾਣਾ ਬਲਾਚੌਰ ਨੇ ਚਾਰਾਂ ਜਣਿਆਂ ਖਿਲਾਫ ਕੇਸ ਦਰਜ ਕਰ ਕੇ ਮੁੱਢਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨੌਜਵਾਨ ਬਿਕਰਮ ਦੀ ਮੌਤ ਬਾਰੇ ਨਰੇਸ਼ ਕੁਮਾਰ ਵਾਸੀ ਊਧਨਵਾਲ ਦੇ ਬਿਆਨਾਂ ਉੱਤੇ ਪੁਲਸ ਵੱਲੋਂ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਗਈ ਹੈ।

## ਇੰਗਲੈਂਡ ਭੇਜਣ ਲਈ 13 ਲੱਖ ਲੈ ਕੇ ਬੈਂਕਾਕ ਭੇਜਿਆ

ਜਲੰਧਰ, 5 ਮਈ (ਪੋਸਟ ਬਿਊਰੋ)- ਨਿਊ ਗੋਬਿੰਦ ਨਗਰ, ਜਲੰਧਰ ਦੀ ਕੁਲਦੀਪ ਕੌਰ ਪਤਨੀ ਮੱਖਣ ਸਿੰਘ ਨੇ ਦੱਸਿਆ ਹੈ ਕਿ ਉਸ ਦੇ ਲੜਕੇ ਨਵਨੀਤ ਸਿੰਘ (20) ਨੂੰ ਇੰਗਲੈਂਡ ਭੇਜਣ ਦੇ ਨਾਂਅ 'ਤੇ ਪੰਜਾਬੀ ਬਾਗ, ਜਲੰਧਰ ਦੇ ਟ੍ਰੈਵਲ ਏਜੰਟ ਪਤੀ-ਪਤਨੀ ਨੇ 13 ਲੱਖ ਸੱਤਰ ਹਜ਼ਾਰ ਰੁਪਏ ਲਏ, ਪਰ ਇੰਗਲੈਂਡ ਦੀ ਥਾਂ ਬੈਂਕਾਕ ਭੇਜ ਦਿੱਤਾ। ਜਦੋਂ ਉਨ੍ਹਾਂ ਟ੍ਰੈਵਲ ਏਜੰਟ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਉਹ ਨਵਨੀਤ ਨੂੰ ਬੈਂਕਾਕ ਤੋਂ ਇੰਡੋਨੇਸ਼ੀਆ ਤੇ ਫਿਰ ਫਰਾਂਸ ਦੇ ਰਸਤੇ ਹੀ ਪਾਸਪੋਰਟ ਦਿਵਾ ਕੇ ਸੜਕ ਰਾਹੀਂ ਇੰਗਲੈਂਡ ਲੈ ਜਾਵੇਗਾ। ਇਸ ਮੌਕੇ ਨਵਨੀਤ ਸਿੰਘ ਨੇ ਦੱਸਿਆ ਕਿ ਉਸ ਨੂੰ 6 ਦਸੰਬਰ 2018 ਨੂੰ ਟ੍ਰੈਵਲ ਏਜੰਟ ਨੇ ਬੈਂਕਾਕ ਭੇਜ ਦਿੱਤਾ ਤੇ ਕਿਹਾ ਕਿ ਉਥੋਂ ਉਸ ਨੂੰ ਅੱਗੇ ਇੱਕ ਹੋਰ ਏਜੰਟ ਲੈ ਜਾਵੇਗਾ। ਨਵਨੀਤ ਦੇ ਦੱਸਣ ਅਨੁਸਾਰ ਉਸ ਨੇ ਆਪਣੇ ਮਾਤਾ-ਪਿਤਾ ਕੋਲੋਂ ਵਾਪਸੀ ਟਿਕਟ ਮੰਗਵਾਈ ਤੇ ਜਲੰਧਰ ਆ ਗਿਆ। ਇਸ ਤੋਂ ਬਾਅਦ ਟ੍ਰੈਵਲ ਏਜੰਟ ਨੇ ਉਸ ਨੂੰ ਫਿਰ ਇੰਗਲੈਂਡ ਲੈ ਕੇ ਜਾਣ ਦਾ ਵਾਅਦਾ ਕੀਤਾ, ਪਰ ਉਹ ਆਪ ਵਿਦੇਸ਼ ਚਲਾ ਗਿਆ। ਕੁਲਦੀਪ ਕੌਰ ਨੇ ਦੱਸਿਆ ਕਿ ਟ੍ਰੈਵਲ ਏਜੰਟ ਦੇ ਖਿਲਾਫ ਪਹਿਲਾਂ ਵੀ ਕਈ ਕੇਸ ਦਰਜ ਹਨ। ਉਸ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਇਨਸਾਫ ਦਿਵਾਇਆ ਜਾਵੇ ਤੇ ਟ੍ਰੈਵਲ ਏਜੰਟ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਫਾਂਸੀ ਦੀ ਸਜ਼ਾ ਵਾਲੇ ਰਾਜੋਆਣਾ ਵੱਲੋਂ ਅਕਾਲੀ-ਭਾਜਪਾ ਨੂੰ ਵੋਟਾਂ ਪਾਉਣ ਦੀ ਅਪੀਲ

ਪਟਿਆਲਾ, 5 ਮਈ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਬਦਲੇ ਫਾਂਸੀ ਦੀ ਸਜ਼ਾ ਪਾ ਚੁੱਕੇ ਬਲਵੰਤ ਸਿੰਘ ਰਾਜੋਆਣਾ ਨੇ ਇੱਕ ਚਿੱਠੀ ਰਾਹੀਂ ਵੋਟਰਾਂ ਨੂੰ ਅਕਾਲੀ ਦਲ ਅਤੇ ਭਾਜਪਾ ਦੇ ਹੱਕ ਵਿੱਚ ਵੋਟਾਂ ਦੀ ਅਪੀਲ ਕਰਦਿਆਂ ਕਾਂਗਰਸ ਪਾਰਟੀ ਨੂੰ ਅਕਾਲ ਤਖਤ ਸਾਹਿਬ ਉਤੇ ਹਮਲੇ ਤੇ ਸਿੱਖਾਂ ਦੀ ਕਾਤਲ ਕਹਿ ਕੇ ਇਸ ਦੂਰ ਰਹਿਣ ਦੀ ਗੱਲ ਆਖੀ ਹੈ। ਰਾਜੋਆਣਾ ਦੀ ਭੈਣ ਕਮਲਦੀਪ ਕੌਰ ਵੱਲੋਂ ਜਾਰੀ ਪੱਤਰ ਵਿੱਚ ਰਾਜੋਆਣਾ ਨੇ ਲਿਖਿਆ ਹੈ ਕਿ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਹਿੰਦੂ, ਸਿੱਖ ਏਕਤਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ।

ਇਸ ਪੱਤਰ ਦੇ ਮੁਤਾਬਕ ਰਾਜੋਆਣਾ ਨੇ ਕਿਹਾ ਹੈ ਕਿ ਅਕਾਲੀ ਦਲ ਨੇ ਦੇਸ਼ ਅਤੇ ਪੰਜਾਬ ਦੇ ਹਿਤਾਂ ਲਈ ਹਮੇਸ਼ਾ ਵੱਡੇ ਸੰਘਰਸ਼ ਅਤੇ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਤੇ ਭਾਜਪਾ ਦੀ ਦਿੱਲੀ ਸਰਕਾਰ ਨੇ 34 ਸਾਲਾਂ ਤੋਂ ਬਾਹਰ ਫਿਰਦੇ ਨਵੰਬਰ 1984 ਦੇ ਕਾਤਲਾਂ ਵਿੱਚੋਂ ਕੁਝ ਸੱਜਣ ਕੁਮਾਰ ਵਰਗੇ ਵੱਡੇ ਮਗਰਮੱਛਾਂ ਨੂੰ ਫੜ ਕੇ ਜੇਲ੍ਹ ਭੇਜਿਆ ਅਤੇ ਪੀੜਤਾਂ ਨੂੰ ਇਨਸਾਫ ਦੇਣ ਦੀ ਕੋਸ਼ਿਸ਼ ਕੀਤੀ ਅਤੇ ਕਤਲੇਆਮ ਨਾਲ ਜ਼ਖਮੀ ਹੋਈਆਂ ਸਿੱਖ ਭਾਵਨਾਵਾਂ ਉਤੇ ਮਲ੍ਹਮ ਲਾਉਣ ਦਾ ਕੰਮ ਵੀ ਕੀਤਾ ਹੈ। ਉਸ ਨੇ ਕਿਹਾ ਕਿ ਪਾਕਿਸਤਾਨ ਨਾਲ ਤਲਖ ਸੰਬੰਧਾਂ ਦੇ ਬਾਵਜੂਦ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦੀ ਕੋਸ਼ਿਸ਼ ਕਰ ਕੇ ਭਾਜਪਾ ਸਰਕਾਰ ਨੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਦਾ ਸਨਮਾਨ ਕੀਤਾ ਹੈ ਅਤੇ ਇਨ੍ਹਾਂ ਦੋਵਾਂ ਕੰਮਾਂ ਵਿੱਚ ਭਾਜਪਾ ਵੱਲੋਂ ਸਿੱਖ ਜਗਤ ਲਈ ਅਪਣਾਈ ਗਈ ਸਵਾਗਤ ਯੋਗ ਹੈ। ਉਸ ਨੇ ਕਿਹਾ ਕਿ ਇਸ ਤੋਂ ਦੂਜੇ ਪਾਸੇ ਕਾਂਗਰਸ ਉਹ ਪਾਰਟੀ ਹੈ, ਜਿਹੜੀ ਹਮੇਸ਼ਾ ਹਿੰਦੂਆਂ ਅਤੇ ਸਿੱਖਾਂ 'ਚ ਨਫਰਤ ਫੈਲਾ ਕੇ ਆਪਣੇ ਰਾਜਸੀ ਹਿਤਾਂ ਦੀ ਪੂਰਤੀ ਕਰਦੀ ਰਹੀ ਹੈ, ਉਸ ਨੇ ਹਮਲਾ ਕਰ ਕੇ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਤੇ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰ ਕੇ ਇਸ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਲਹੂ-ਲੁਹਾਨ ਕੀਤਾ ਅਤੇ ਫਿਰ ਦਿੱਲੀ ਵਿੱਚ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰ ਕੇ ਸੱਜਣ ਕੁਮਾਰ ਵਰਗਿਆਂ ਨੂੰ ਉਚ ਅਹੁਦਿਆਂ ਨਾਲ ਨਿਵਾਜਿਆ। ਅੰਤ ਵਿੱਚ ਰਾਜੋਆਣਾ ਨੇ ਖਾਲਸਾ ਪੰਥ ਤੇ ਇਸ ਧਰਤੀ ਤੇ ਵੱਸਦੇ ਸਭ ਧਰਮਾਂ ਵਰਗਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੀ ਤਰੱਕੀ ਤੇ ਭਾਈਚਾਰਕ ਸਾਂਝ ਲਈ ਅਤੇ ਅਮਨ ਸ਼ਾਂਤੀ ਲਈ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ।

## ਪ੍ਰੇਮ ਸੰਬੰਧਾਂ ਦੇ ਕਾਰਨ ਮਾਂ ਵੱਲੋਂ ਬੱਚੀਆਂ ਦਾ ਕਤਲ

ਲਹਿਰਾਗਾਗਾ, 5 ਮਈ (ਪੋਸਟ ਬਿਊਰੋ)- ਬੀਤੀ ਦੋ ਮਈ ਨੂੰ ਘੱਗਰ ਬ੍ਰਾਂਚ ਨਹਿਰ ਵਿੱਚੋਂ ਮਿਲੀਆਂ ਦੋ ਮਾਸੂਮ ਬੱਚੀਆਂ ਦੀਆਂ ਲਾਸ਼ਾਂ ਦੀ ਕਾਤਲ ਉਨ੍ਹਾਂ ਦੀ ਮਾਂ ਨਿਕਲੀ ਹੈ। ਡੀ ਐੱਸ ਪੀ ਲਹਿਰਾਗਾਗਾ ਬੂਟਾ ਸਿੰਘ ਗਿੱਲ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਪਿੰਡ ਅਲੀਸ਼ੇਰ ਨੇੜੇ ਨਹਿਰ ਵਿੱਚੋਂ ਇੱਕ ਬੱਚੀ ਦੀ ਲਾਸ਼ ਮਿਲੀ ਸੀ। ਸੂਚਨਾ ਮਿਲੀ ਤਾਂ ਪੁਲਸ ਨੇ ਓਥੇ ਪਹੁੰਚ ਕੇ ਧਾਰਾ 174 ਦੀ ਕਾਰਵਾਈ ਕਰਦਿਆਂ ਲਾਸ਼ ਸ਼ਨਾਖਤ ਲਈ ਸਿਵਲ ਹਸਪਤਾਲ ਮੂਨਕ ਵਿਖੇ ਮੋਰਚਰੀ ਵਿੱਚ ਰਖਵਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਇਸੇ ਦੌਰਾਨ ਦੂਸਰੀ ਬੱਚੀ ਦੀ ਲਾਸ਼ ਵੀ ਇਸੇ ਨਹਿਰ ਵਿੱਚ ਮਿਲੀ। ਜ਼ਿਲ੍ਹਾ ਪੁਲਸ ਮੁਖੀ ਸੰਦੀਪ ਗਰਗ ਦੇ ਹੁਕਮ ਅਨੁਸਾਰ ਐੱਸ ਐੱਚ ਓ ਥਾਣਾ ਸਦਰ ਲਹਿਰਾ, ਗੁਰਨਾਮ ਸਿੰਘ ਸਮੇਤ ਇੱਕ ਜਾਂਚ ਟੀਮ ਬਣਾ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕੀਤੀ ਤਾਂ ਇਸ ਬਾਰੇ ਛਪੀ ਖਬਰ ਕਾਰਨ ਲੜਕੀਆਂ ਦੇ ਪਰਿਵਾਰ ਨੂੰ ਪਤਾ ਲੱਗ ਗਿਆ ਅਤੇ ਜਾਂਚ ਦੌਰਾਨ ਧਰਮਪਾਲ ਉਰਫ ਧਰਮਾ ਨੇ ਦੱਸਿਆ ਦਿੱਤੀ ਕਿ ਪੂਜਾ ਪਤਨੀ ਬਾਵਾ ਸਿੰਘ ਦੇ ਚਾਰ ਬੱਚੇ ਇੱਕ ਲੜਕਾ ਅਤੇ ਤਿੰਨ ਲੜਕੀਆਂ ਸਨ। ਵੱਡੀ ਲੜਕੀ ਚੰਨੀ ਆਪਣੀ ਮਾਸੀ ਕੋਲ ਜੀਂਦ ਰਹਿੰਦੀ ਸੀ। ਪੂਜਾ ਆਪਣੇ ਪਤੀ ਦੀ ਮੌਤ ਪਿੱਛੋਂ ਸੁਨਾਮ ਆ ਕੇ ਆਪਣੀਆਂ ਲੜਕੀਆਂ ਰੇਖਾ (10) ਤੇ ਸੀਮਾ (8) ਨਾਲ ਪਰਿਵਾਰ ਤੋਂ ਵੱਖ ਰਹਿਣ ਲੱਗ ਪਈ ਸੀ, ਜਿਸ ਦੇ ਅਜੈ ਨਾਲ ਨਾਜਾਇਜ਼ ਸੰਬੰਧ ਬਣ ਗਏ ਸਨ। ਪੂਜਾ ਨੇ ਆਪਣੀਆਂ ਬੇਟੀਆਂ ਨੂੰ ਬੋਝ ਸਮਝਿਆ ਤੇ ਮਾਰ ਕੇ ਘੱਗਰ ਬ੍ਰਾਂਚ ਨਹਿਰ ਵਿੱਚ ਸੁੱਟ ਦਿੱਤਾ।

ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com

RE/MAX GOLD REALTY INC. BROKERAGE

KAMAL SANDHU
Sales Representative
647.891.0143
Off: 905.456.1010



# ਮੋਦੀ ਨੂੰ ਕਲੀਨ ਚਿੱਟ ਦੇਣ ਦੇ ਵਕਤ ਚੋਣ ਕਮਿਸ਼ਨ ਵੀ ਦੋਫਾੜ

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੇ ਮਹਾਰਾਸ਼ਟਰ ਵਿੱਚ ਅਪਰੈਲ ਵਿੱਚ ਦਿੱਤੇ ਗਏ ਦੋ ਭਾਸ਼ਣਾਂ ਬਾਰੇ ਕਲੀਨ ਚਿਟ ਦੇਣ ਦੇ ਕੇਸ ਵਿੱਚ ਚੋਣ ਕਮਿਸ਼ਨ ਵੀ ਦੋਫਾੜ ਹੋ ਗਿਆ। ਭਾਵੇਂ ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਲੀਨ ਚਿਟ ਦੇ ਦਿੱਤੀ ਹੈ, ਪਰ ਜਾਣਕਾਰੀ ਸੂਤਰਾਂ ਮੁਤਾਬਕ ਦੋ ਵਿੱਚੋਂ ਇੱਕ ਚੋਣ ਕਮਿਸ਼ਨਰ ਨੇ ਇਸ ਫੈਸਲੇ ਨਾਲ ਆਪਣੀ ਅਸਹਿਮਤੀ ਪ੍ਰਗਟ ਕੀਤੀ ਸੀ।

ਇਸ ਪੂਰੇ ਮਾਮਲੇ ਨਾਲ ਜੁੜੇ ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਨੇ ਪਿਛਲੇ ਤਿੰਨ ਦਿਨਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ਾਂ ਬਾਰੇ ਕਾਂਗਰਸ ਪਾਰਟੀ ਦੀਆਂ ਸ਼ਿਕਾਇਤਾਂ ਉੱਤੇ ਆਪਣਾ ਫੈਸਲਾ ਦੇ ਦਿੱਤਾ ਹੈ। ਪਤਾ ਲੱਗਾ ਹੈ ਕਿ ਇੱਕ ਅਪ੍ਰੈਲ ਨੂੰ ਮਹਾਰਾਸ਼ਟਰ ਦੇ ਵਰਧਾ ਵਿੱਚ ਦਿੱਤੇ ਭਾਸ਼ਣ ਬਾਰੇ ਪ੍ਰਧਾਨ ਮੰਤਰੀ ਨੂੰ ਕਲੀਨ ਚਿਟ ਦੇਣ ਦੇ ਚੋਣ ਕਮਿਸ਼ਨ ਦੇ ਫੈਸਲੇ ਵਾਸਤੇ ਇੱਕ ਚੋਣ ਕਮਿਸ਼ਨਰ ਨੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਸੀ। ਇਸ ਭਾਸ਼ਣ ਦੌਰਾਨ ਨਰਿੰਦਰ ਮੋਦੀ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਉੱਤੇ ਘੱਟ-ਗਿਣਤੀ ਭਾਈਚਾਰੇ ਦੀ ਬਹੁਤਾਤ ਵਾਲੇ ਵਾਇਨਾਡ ਹਲਕੇ ਤੋਂ ਚੋਣ ਲੜਨ ਉੱਤੇ ਚੋਟ ਕੀਤੀ ਸੀ। ਦੂਸਰੇ ਪਾਸੇ ਪ੍ਰਧਾਨ ਮੰਤਰੀ ਨੇ ਨੌਂ ਅਪ੍ਰੈਲ ਨੂੰ ਮਹਾਰਾਸ਼ਟਰ ਦੇ ਲਾਤੂਰ ਵਿੱਚ ਪਹਿਲੀ ਵਾਰ ਵੋਟ ਕਰਨ ਵਾਲੇ ਨੌਜਵਾਨਾਂ ਨੂੰ ਬਾਲਾਕੋਟ ਹਵਾਈ ਹਮਲੇ ਅਤੇ ਪੁਲ-ਵਾਮਾ ਦੇ ਸ਼ਹੀਦਾਂ ਦੇ ਨਾਮ ਉੱਤੇ ਵੋਟ ਪਾਉਣ ਦੀ ਅਪੀਲ ਕੀਤੀ ਸੀ।

ਪ੍ਰਧਾਨ ਮੰਤਰੀ ਦੇ ਇਸ ਭਾਸ਼ਣ ਉੱਤੇ ਫੈਸਲਾ ਕਰਨ ਵਾਸਤੇ ਚੋਣ ਕਮਿਸ਼ਨ ਦੀ ਟੀਮ ਵਿੱਚ ਮੁੱਖ ਚੋਣ ਕਮਿਸ਼ਨਰ ਸੁਨੀਲ




ਅਰੋੜਾ ਤੇ ਦੋ ਹੋਰ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਤੇ ਸੁਸ਼ੀਲ ਚੰਦਰ ਸ਼ਾਮਲ ਸਨ। ਇੱਕ ਅਧਿਕਾਰੀ ਨੇ ਦੱਸਿਆ ਕਿ ਕਿਉਂਕਿ ਇਹ ਸੈਮੀ-ਜੁਡੀਸ਼ਲ ਫ਼ੈਸਲਾ ਨਹੀਂ ਸੀ, ਇਸ ਲਈ ਅਸਹਿਮਤੀ ਨੂੰ ਦਰਜ ਨਹੀਂ ਕੀਤਾ ਗਿਆ ਅਤੇ ਵੱਖਰੇ ਵਿਚਾਰ ਨੂੰ ਜ਼ਬਾਨੀ ਰੂਪ ਨਾਲ ਬੈਠਕ ਵਿੱਚ ਰੱਖਿਆ ਗਿਆ ਸੀ। ਵਰਨਣ ਯੋਗ ਕਿ ਸਾਰੇ ਚੋਣ ਕਮਿਸ਼ਨਰਾਂ ਦੀ ਫੈਸਲਿਆਂ ਵਿੱਚ ਬਰਾਬਰ ਦੀ ਭਾਈਵਾਲੀ ਹੁੰਦੀ ਹੈ। ਕਿਸੇ ਕੇਸ ਵਿੱਚ ਜਿੱਥੇ ਮੁੱਖ ਚੋਣ ਕਮਿਸ਼ਨਰ ਤੇ ਹੋਰ ਚੋਣ ਕਮਿਸ਼ਨਰਾਂ ਦੀ ਰਾਏ ਵੱਖੋ-ਵੱਖ ਹੁੰਦੀ ਹੈ, ਓਦੋਂ ਇਸ ਬਾਰੇ ਫੈਸਲਾ ਬਹੁਮਤ ਨਾਲ ਕੀਤਾ ਜਾਂਦਾ ਹੈ।

ਅਸਲ ਵਿੱਚ ਸੁਪਰੀਮ ਕੋਰਟ ਦੇ ਆਦੇਸ਼ ਪਿੱਛੋਂ ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸਾਂ ਬਾਰੇ ਤੇਜ਼ੀ ਨਾਲ ਸੁਣਵਾਈ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਾਰੇ ਕੇਸਾਂ ਤੋਂ ਰਾਹਤ ਦੇ ਦਿੱਤੀ ਹੈ। ਇਕ ਆਖਰੀ ਬਚਦੇ ਕੇਸ ਵਿੱਚ ਚੋਣ ਕਮਿਸ਼ਨ ਨੇ ਸ਼ਨਿੱਚਰਵਾਰ ਨੂੰ ਫ਼ੈਸਲਾ ਦਿੱਤਾ ਹੈ ਕਿ ਗੁਜਰਾਤ ਦੇ ਪਾਟਨ ਵਿੱਚ ਪ੍ਰਧਾਨ ਮੰਤਰੀ ਦੇ ਭਾਸ਼ਣ ਉੱਤੇ ਸ਼ਿਕਾਇਤ ਬਾਰੇ ਕਮਿਸ਼ਨ ਨੇ ਸਾਰੇ ਸਬੂਤ ਵੇਖ ਲਏ ਹਨ। ਕਮਿਸ਼ਨ ਨੇ ਗੁਜਰਾਤ ਦੇ ਮੁੱਖ ਚੋਣ ਅਧਿਕਾਰੀ ਤੋਂ ਇਸ ਦੀ ਰਿਪੋਰਟ ਮੰਗੀ ਸੀ ਤੇ ਜਾਂਚ ਪਿੱਛੋਂ ਕਮਿਸ਼ਨ ਨੇ ਇਸ ਭਾਸ਼ਣ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਮੰਨਿਆ। ਕਮਿਸ਼ਨ ਦੇ ਮੁਤਾਬਕ ਉਸ ਨੇ ਭਾਸ਼ਣ ਦੀ ਕਾਪੀ ਪੜ੍ਹੀ ਹੈ ਅਤੇ ਡੂੰਘੇ ਅਧਿਐਨ ਤੋਂ ਬਾਅਦ ਇਹ ਫ਼ੈਸਲਾ ਕੀਤਾ ਹੈ।

# ਫਾਨੀ ਤੂਫਾਨ ਨਾਲ ਭਾਰਤ ਵਿੱਚ ਮੌਤਾਂ ਦੀ ਗਿਣਤੀ 12 ਹੋਈ

ਭੁਵਨੇਸ਼ਵਰ, 5 ਮਈ (ਪੋਸਟ ਬਿਊਰੋ)- ਚੱਕਰਵਾਤੀ ਤੂਫਾਨ ਫਾਨੀ ਦੀ ਮਾਰ ਹੇਠ ਆਏ ਉੜੀਸਾ 'ਚ ਕੱਲ੍ਹ ਜੰਗੀ ਪੱਧਰ 'ਤੇ ਰਾਹਤ ਕਾਰਜ ਸ਼ੁਰੂ ਹੋ ਗਏ। ਇਸ ਸੂਬੇ ਦੇ 10 ਹਜ਼ਾਰ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਦੋ ਹਜ਼ਾਰ ਐਮਰਜੈਂਸੀ ਵਰਕਰ, ਐੱਨ ਡੀ ਆਰ ਐੱਫ ਦੇ ਜਵਾਨ, ਉੜੀਸਾ ਡਿਜ਼ਾਸਟਰ ਰੈਪਿਡ ਐਕਸ਼ਨ ਫੋਰਸ ਅਤੇ ਇੱਕ ਲੱਖ ਅਧਿਕਾਰੀ ਮੁੜ ਵਸੇਬਾ ਕੰਮਾਂ ਵਿੱਚ ਜੁਟ ਗਏ ਹਨ। ਇਸ ਦੌਰਾਨ ਮ੍ਰਿਤਕਾਂ ਦੀ ਗਿਣਤੀ ਵਧ ਕੇ 12 ਹੋ ਗਈ ਹੈ। ਯੂ ਐੱਨ ਓ ਦੀ ਆਫਤ ਪ੍ਰਬੰਧ ਏਜੰਸੀ ਨੇ ਭਾਰਤੀ ਮੌਸਮ ਵਿਭਾਗ ਵੱਲੋਂ ਤੂਫਾਨ ਦੀ ਪਹਿਲਾਂ ਜਾਣਕਾਰੀ ਦੇਣ ਦੀ ਸ਼ਲਾਘਾ ਕੀਤੀ ਹੈ।

ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਪ੍ਰਭਾਵਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ ਤੇ ਕਿਹਾ ਕਿ ਇਹ ਗਰਮੀਆਂ ਵਿੱਚ ਆਏ ਵਿਰਲਿਆਂ ਵਿੱਚੋਂ ਵਿਰਲਾ ਤੂਫਾਨ ਹੈ। ਪਿਛਲੇ 43 ਸਾਲਾਂ ਵਿੱਚ ਪਹਿਲਾ ਤੇ 150 ਸਾਲਾਂ ਵਿੱਚ ਤੀਜਾ ਜ਼ਬਰਦਸਤ ਤੂਫਾਨ ਹੈ, ਜਿਸ ਦੀ ਮਾਰ ਹੇਠ ਇਹ ਸੂਬਾ ਆਇਆ ਹੈ। ਮੁੱਖ ਮੰਤਰੀ ਦਫਤਰ ਦੇ ਸੂਤਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਨ੍ਹਾਂ ਮੁੱਖ ਮੰਤਰੀ ਪਟਨ-'ਇਕ ਤੋਂ ਫਾਨੀ ਮਗਰੋਂ ਸੂਬੇ ਦੇ ਹਾਲਾਤ ਦੀ ਜਾਣਕਾਰੀ ਲਈ ਹੈ, ਛੇਤੀ ਹੀ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਸੂਬੇ ਨੂੰ ਕੇਂਦਰ ਤੋਂ ਹਰ ਸੰਭਵ ਹਮਾਇਤ ਦੇਣ ਦਾ ਭਰੋਸਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਦੇ ਗਵਰਨਰ ਕੇਸਰੀ ਨਾਥ ਤ੍ਰਿਪਾਠੀ ਨਾਲ ਵੀ ਗੱਲ



ਕਰ ਕੇ ਫਾਨੀ ਨਾਲ ਹੋਏ ਨੁਕਸਾਨ ਦਾ ਜਾਇਜ਼ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਪੁਰੀ ਤੇ ਖੁਰਦਾ ਜ਼ਿਲ੍ਹਿਆਂ 'ਚ ਭਾਰੀ ਨੁਕਸਾਨ ਹੋਇਆ ਅਤੇ ਸੈਂਕੜੇ ਇੰਜੀਨੀਅਰਾਂ ਅਤੇ ਤਕਨੀਸ਼ੀਅਨਾਂ ਵੱਲੋਂ ਬਿਜਲੀ ਸਪਲਾਈ ਚਾਲੂ ਕਰਨ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਸਮੁੰਦਰੀ ਫੌਜ ਵੱਲੋਂ ਆਈ ਐੱਨ ਐੱਸ ਚਿਲਕਾ ਦੀ ਟੀਮ ਹੰਗਾਮੀ ਹਾਲਾਤ ਨਾਲ ਨਜਿੱਠਣ ਵਾਸਤੇ ਲਾਈ ਗਈ ਹੈ।

ਓਧਰ ਪੱਛਮੀ ਬੰਗਾਲ ਵਿੱਚ ਫਾਨੀ ਨੇ ਬਹੁਤਾ ਨੁਕਸਾਨ ਨਹੀਂ ਕੀਤਾ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਤੂਫਾਨ ਕੱਲ੍ਹ ਕਮਜ਼ੋਰ ਪੈ ਕੇ ਬੰਗਲਾ ਦੇਸ਼ ਵੱਲ ਵਧ ਗਿਆ। ਇਸ ਪਿੱਛੋਂ ਕੋਲਕਾਤਾ ਹਵਾਈ ਅੱਡੇ ਤੋਂ ਹਵਾਈ ਉਡਾਣਾਂ ਸ਼ੁਰੂ ਹੋ ਗਈਆਂ ਅਤੇ ਸਿਆਲਦਾ ਤੇ ਹਾਵੜਾ ਸੈਕਸਨ 'ਤੇ ਰੇਲ ਸੇਵਾਵਾਂ ਬਹਾਲ ਹੋ ਗਈਆਂ। ਕੋਲਕਾਤਾ ਪੋਰਟ ਟਰੱਸਟ ਨੇ ਹਲਦੀਆ ਅਤੇ ਕੋਲਕਾਤਾ ਬੰਦਰਗਾਹਾਂ ਤੋਂ ਕੰਮ ਸ਼ੁਰੂ ਕਰ ਦਿੱਤਾ ਹੈ। ਬੰਗਾਲ ਵਿੱਚ 850 ਕੱਚੇ ਘਰ ਨੁਕਸਾਨੇ ਗਏ, ਜਦ ਕਿ 12 ਬਿਲਕੁਲ ਢਹਿ ਗਏ। ਕਰੀਬ 42,000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਸੀ।

ਇਸ ਤੂਫਾਨ ਨਾਲ ਆਂਧਰਾ ਪ੍ਰਦੇਸ਼ ਵਿੱਚ ਨਾਰੀਅਲ ਦੇ 10 ਹਜ਼ਾਰ ਦਰੱਖਤ ਟੁੱਟ ਗਏ ਅਤੇ ਫਸਲਾਂ ਨੂੰ ਨੁਕਸਾਨ ਹੋਇਆ। ਤੂਫਾਨ ਨਾਲ ਸੂਬੇ ਵਿੱਚ 58.61 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸ੍ਰੀਕਾਕੁਲਮ ਜ਼ਿਲ੍ਹੇ ਵਿੱਚ ਤਬਾਹੀ ਦਾ ਮੰਜ਼ਰ ਨਜ਼ਰ ਆਇਆ। ਤੂਫਾਨ ਕਾਰਨ ਨੁਕਸਾਨੇ ਗਏ 218 ਮੋਬਾਈਲ ਫੋਨ ਟਾਵਰਾਂ ਨੂੰ ਬਹਾਲ ਕਰ ਦਿੱਤਾ ਗਿਆ। ਕੁੱਲ 733 ਪਿੰਡਾਂ 'ਚੋਂ 659 'ਚ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਗਈ ਹੈ।

ਬੰਗਲਾ ਦੇਸ਼ ਪੁੱਜੇ ਤੂਫਾਨ ਫਾਨੀ ਨੇ 14 ਲੋਕਾਂ ਦੀ ਜਾਨ ਲੈ ਲਈ। ਮ੍ਰਿਤਕਾਂ ਵਿੱਚ ਦੋ ਸਾਲ ਦਾ ਲੜਕਾ ਅਤੇ ਚਾਰ ਔਰਤਾਂ ਸ਼ਾਮਲ ਹਨ। ਜਾਨੀ ਨੁਕਸਾਨ ਨੋਆਖਲੀ, ਭੋਲਾ ਅਤੇ ਲਕਸ਼ਮੀਪੁਰ ਸਮੇਤ ਅੱਠ ਜ਼ਿਲ੍ਹਿਆਂ ਵਿੱਚ ਹੋਇਆ ਹੈ ਜਿੱਥੇ ਫਾਨੀ ਦਾ ਭਿਆਨਕ ਰੂਪ ਦੇਖਣ ਨੂੰ ਮਿਲਿਆ। ਅਧਿਕਾਰੀਆਂ ਨੇ ਕਿਹਾ ਕਿ ਬੰਗਲਾ ਦੇਸ਼ ਦੇ ਤੱਟੀ ਇਲਾਕਿਆਂ ਵਿੱਚ ਤੇਜ਼ ਹਵਾਵਾਂ ਅਤੇ ਭਾਰੀ ਮੀਂਹ ਕਾਰਨ 36 ਪਿੰਡਾਂ ਵਿੱਚ ਹੜ੍ਹ ਆ ਗਏ।

# ਪਾਬੰਦੀ ਦੌਰਾਨ ਚੋਣ ਪ੍ਰਚਾਰ ਕਰਨ ਉੱਤੇ ਸਾਧਵੀ ਪ੍ਰਗਿਆ ਨੂੰ ਚੋਣ ਕਮਿਸ਼ਨ ਦਾ ਨਵਾਂ ਨੋਟਿਸ

ਭੋਪਾਲ, 5 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਭੋਪਾਲ ਲੋਕ ਸਭਾ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੂੰ ਅੱਜ ਤਿੰਨ ਦਿਨ ਬਾਅਦ ਰਾਹਤ ਮਿਲੀ ਤਾਂ ਉਨ੍ਹਾਂ ਨੂੰ ਚੋਣ ਕਮਿਸ਼ਨ ਨੇ ਨਵਾਂ ਨੋਟਿਸ ਭੇਜ ਦਿੱਤਾ ਹੈ। ਚੋਣ ਪ੍ਰਚਾਰ ਉੱਤੇ ਪਾਬੰਦੀ ਵੇਲੇ ਸਾਧਵੀ ਲਗਾਤਾਰ ਮੰਦਰ ਦਰਸ਼ਨ ਨੂੰ ਜਾਂਦੀ ਤੇ ਭਜਨ-ਕੀਰਤਨ ਕਰਦੀ ਰਹੀ ਸੀ, ਜਿਸ ਬਾਰੇ ਚੋਣ ਕਮਿਸ਼ਨ ਨੇ ਉਸ ਨੂੰ ਇੱਕ ਹੋਰ ਨੋਟਿਸ ਭੇਜਿਆ ਹੈ।

ਸਾਧਵੀ ਪ੍ਰਗਿਆ ਸਿੰਘ ਠਾਕਰ ਦੇ ਚੋਣ ਪ੍ਰਚਾਰ ਉੱਤੇ 2 ਮਈ ਸਵੇਰੇ 6 ਵਜੇ ਤੋਂ 72 ਘੰਟੇ ਦੀ ਪਾਬੰਦੀ ਲੱਗੀ ਸੀ। ਇਸ



ਤੋਂ ਬਾਅਦ ਸਾਧਵੀ ਪ੍ਰਗਿਆ ਨੇ ਕੋਈ ਚੋਣ ਪ੍ਰਚਾਰ ਨਹੀਂ ਕੀਤਾ, ਪਰ ਉਹ ਮੰਦਰ ਦਰਸ਼ਨ ਦੇ ਨਾਲ ਭਜਨ-ਕੀਰਤਨ ਕਰਦੀ ਰਹੀ। ਸ਼ੁਕਰਵਾਰ ਨੂੰ ਸਾਧਵੀ ਨੇ ਲਗਾਤਾਰ 6 ਮੰਦਰਾਂ ਵਿੱਚ ਜਾ ਕੇ ਭਗਵਾਨ ਦੇ ਦਰਸ਼ਨ ਕੀਤੇ ਅਤੇ ਅਸ਼ੀਰਵਾਦ ਲਿਆ। ਮੰਦਰ ਦਰਸ਼ਨ ਸਮੇਂ ਸਾਧਵੀ ਨੇ ਜੰਮ ਕੇ ਢੋਲ ਵਜਾਇਆ ਅਤੇ ਭਗਤਾਂ ਨਾਲ ਭਜਨ-ਕੀਰਤਨ ਕੀਤਾ। ਦਰਸ਼ਨ ਦਾ ਇਹ ਚੱਕਰ ਸ਼ੁਕਰਵਾਰ ਸਵੇਰੇ ਜੈਨ ਮੰਦਰ ਤੋਂ ਸ਼ੁਰੂ ਹੋਇਆ ਅਤੇ ਦੁਪਹਿਰ ਤਕ ਜਾਰੀ ਰਿਹਾ। ਉਸ ਦੇ ਇਸ ਕਦਮ ਦੀ ਕਾਂਗਰਸ ਨੇ ਚੋਣ ਅਫਸਰ ਨੂੰ ਸ਼ਿਕਾਇਤ ਕੀਤੀ ਕਿ ਪਾਬੰਦੀ ਦੇ ਬਾਵਜੂਦ ਮੰਦਰ ਅਤੇ ਗਊਸ਼ਾਲਾ ਵਿੱਚ ਪਾਰਟੀ ਕਾਰਕੁੰਨਾਂ ਨਾਲ ਜਾ ਕੇ ਉਲੰਘਣਾ ਕੀਤੀ ਗਈ ਸੀ। ਇਸ ਤੋਂ ਬਾਅਦ ਸਾਧਵੀ ਪ੍ਰਗਿਆ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਗਿਆ ਹੈ। ਸਾਧਵੀ ਦਾ ਜਵਾਬ ਮਿਲਣ ਪਿੱਛੋਂ ਜ਼ਿਲ੍ਹਾ ਚੋਣ ਅਧਿਕਾਰੀ ਆਪਣੀ ਰਿਪੋਰਟ ਚੋਣ ਕਮਿਸ਼ਨ ਨੂੰ ਭੇਜਣਗੇ।

# ਹੰਸ ਰਾਜ ਹੰਸ ਨੂੰ 1971 ਦੀ ਜੰਗ ਦੀ ਕੋਈ ਜਾਣਕਾਰੀ ਹੀ ਨਹੀਂ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਉਤਰ ਪੱਛਮੀ ਦਿੱਲੀ ਦੇ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ 1971 ਦੀ ਜੰਗ ਬਾਰੇ ਕੋਈ ਜਾਣਕਾਰੀ ਨਾ ਹੋਣ ਬਾਰੇ ਇੱਕ ਇੰਟਰਵਿਊ ਵਿੱਚ ਹੋਏ ਖੁਲਾਸੇ ਨਾਲ ਵਿਰੋਧੀ ਧਿਰਾਂ ਨੇ ਇਸ ਬਿਆਨ ਬਾਰੇ ਟਿੱਪਣੀਆਂ ਕੀਤੀਆਂ ਹਨ।

ਪੰਜਾਬ ਤੋਂ ਆ ਕੇ ਦਿੱਲੀ ਵਿੱਚ ਭਾਜਪਾ ਲਈ ਚੋਣ ਲੜ ਰਹੇ ਹੰਸ ਰਾਜ ਹੰਸ ਨੇ ਇਸ ਇੰਟਰਵਿਊ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰੀਫ ਦੇ ਪੁਲ ਬੰਨ੍ਹੇ ਤੇ ਕਿਹਾ ਕਿ ਪਹਿਲਾਂ ਦੇਸ਼ ਉਪਰ ਦਹਿਸ਼ਤੀ ਹਮਲੇ ਹੁੰਦੇ ਸਨ, ਪਰ ਅੱਜ ਕਲ੍ਹ ਮੋਦੀ ਦੇ ਆਉਣ ਪਿੱਛੋਂ ਏਦਾਂ ਨਹੀਂ ਹੁੰਦਾ। ਜਦੋਂ ਹੰਸ ਤੋਂ ਮੋਦੀ ਸਰਕਾਰ ਵੇਲੇ ਪੁਲਵਾਮਾ ਵਿੱਚ ਹਮਲੇ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੀ ਫੌਜ ਨੇ ਉਨ੍ਹਾਂ ਨੂੰ ਜਵਾਬ ਦਿੱਤਾ ਹੈ, ਅੱਗੇ ਏਦਾਂ ਨਹੀਂ ਸੀ ਹੁੰਦਾ। ਇੰਟਰਵਿਊ ਵਿੱਚ ਜਦੋਂ ਹੰਸ ਨੂੰ ਪਾਕਿਸਤਾਨ ਦੇ ਟੁਕੜੇ ਕਰ ਕੇ ਵੱਖਰਾ



ਬੰਗਲਾ ਦੇਸ਼ ਬਣਾਉਣ ਬਾਰੇ ਦੱਸਿਆ ਅਤੇ ਓਦੋਂ ਦੇ ਹਾਕਮਾਂ ਵੱਲੋਂ ਸਿਹਰਾ ਸਿਰ ਬੰਨ੍ਹਣ ਬਾਰੇ ਦੱਸਿਆ ਤਾਂ ਹੰਸ ਰਾਜ ਦਾ ਜਵਾਬ ਸੀ, ਮੈਨੂੰ ਨਹੀਂ ਪਤਾ ਟੁਕੜੇ ਹੋਏ ਸਨ। ਮੈਂ ਤਾਂ ਉਦੋਂ ਬਹੁਤ ਛੋਟਾ ਸੀ। ਮੈਨੂੰ ਇਸ ਬਾਰੇ ਜ਼ਿਆਦਾ ਨਹੀਂ ਪਤਾ।

ਤਿਲਕ ਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਹੰਸ ਨੂੰ ਗੁਆਂਢੀ ਦੇਸ਼ਾਂ ਬਾਰੇ ਮੁੱਢਲੀ ਜਾਣਕਾਰੀ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਹੰਸ ਨੂੰ ਇੰਝ ਦਿੱਲੀ ਦੇ ਇਸ ਹਲਕੇ ਬਾਰੇ ਵੀ ਜਾਣਕਾਰੀ ਘੱਟ ਹੋਵੇਗੀ। ਦੂਜੇ ਪਾਸੇ ਸੋਸ਼ਲ ਮੀਡੀਆ ਉੱਤੇ ਵੀ ਹੰਸਰਾਜ ਹੰਸ ਬਾਰੇ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ।

# ਫਿਲਮ ਸਟਾਰ ਅਕਸ਼ੈ ਕੁਮਾਰ ਨੇ ਚੁੱਪ ਤੋੜੀ: 'ਹਾਂ, ਮੈਂ ਕੈਨੇਡਾ ਦਾ ਨਾਗਰਿਕ ਹਾਂ'

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਲੋਕ ਸਭਾ ਚੋਣਾਂ ਦੇ ਚੌਥੇ ਗੇੜ ਵਿੱਚ 29 ਅਪ੍ਰੈਲ ਨੂੰ ਮੁੰਬਈ ਵਿੱਚ ਪਈਆਂ ਵੋਟਾਂ ਵੇਲੇ ਫਿਲਮ ਸਟਾਰ ਅਕਸ਼ੈ ਕੁਮਾਰ ਦੇ ਵੋਟ ਨਾ ਪਾਉਣ ਬਾਰੇ ਸੋਸ਼ਲ ਮੀਡੀਆ ਉੱਤੇ ਕਾਫ਼ੀ ਚਰਚਾ ਚੱਲਣ ਦੇ ਬਾਅਦ ਅਕਸ਼ੈ ਕੁਮਾਰ ਨੇ ਖ਼ੁਦ ਇਸ ਵਿਵਾਦ ਨੂੰ ਸੁਲਝਾਉਣ ਲਈ ਆਪਣੀ ਚੁੱਪ ਤੋੜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੇਰੇ ਕੋਲ ਕੈਨੇਡਾ ਦਾ ਪਾਸਪੋਰਟ ਹੈ ਅਤੇ ਇਹ ਗੱਲ ਮੈਂ ਕਦੇ ਨਹੀਂ ਲੁਕਾਈ।

ਇਸ ਨਾਲ ਸਾਫ ਹੋ ਗਿਆ ਹੈ ਕਿ ਅਕਸ਼ੈ ਕੁਮਾਰ ਇਸ ਵੇਲੇ ਭਾਰਤੀ ਨਾਗਰਿਕ ਨਾ ਹੋਣ ਕਾਰਨ ਇਸ ਦੇਸ਼ ਦੀਆਂ ਚੋਣਾਂ ਵਿੱਚ ਵੋਟ ਨਹੀਂ ਪਾਉਂਦੇ। ਅਕਸ਼ੈ ਕੁਮਾਰ ਨੇ ਇਹ ਵੀ ਕਿਹਾ ਕਿ ਉਹ ਪਿਛਲੇ 7 ਸਾਲ ਤੋਂ ਕੈਨੇਡਾ ਵੱਲ ਨਹੀਂ ਗਏ ਤੇ ਆਪਣੀ ਨਾਗਰਿਕਤਾ ਉੱਤੇ ਸਵਾਲ ਚੁੱਕੇ ਜਾਣ ਕਾਰਨ ਉਹ ਬਹੁਤ ਦੁਖੀ ਹਨ। ਉਨ੍ਹਾਂ ਨੇ ਆਪਣੀ ਟਵਿਟਰ ਪੋਸਟ ਵਿੱਚ ਲਿਖਿਆ, 'ਮੈਨੂੰ ਸਮਝ ਨਹੀਂ ਆਈ ਕਿ ਮੇਰੀ ਨਾਗਰਿਕਤਾ ਬਾਰੇ ਇੰਨਾ ਨਾਂਹ-ਪੱਖੀ ਮਾਹੌਲ ਕਿਉਂ ਬਣਾਇਆ ਗਿਆ ਹੈ? ਮੈਂ ਕਦੇ ਇਸ ਗੱਲ ਨੂੰ ਨਾ ਲੁਕਾਇਆ ਤੇ ਨਾ ਇਨਕਾਰ ਕੀਤਾ ਹੈ। ਮੇਰੇ ਕੋਲ ਕੈਨੇਡੀਅਨ ਪਾਸਪੋਰਟ ਹੈ। ਇਹ ਵੀ ਸੱਚ ਹੈ ਕਿ ਮੈਂ ਪਿਛਲੇ 7 ਸਾਲ ਤੋਂ ਕੈਨੇਡਾ ਨਹੀਂ ਗਿਆ, ਭਾਰਤ ਵਿੱਚ ਕੰਮ ਕਰਦਾ ਹਾਂ ਤੇ ਭਾਰਤ ਵਿੱਚ ਟੈਕਸ ਦਿੰਦਾ ਹਾਂ।' ਉਨ੍ਹਾਂ ਨੇ ਲਿਖਿਆ, 'ਜਿੱਥੇ ਇੰਨੇ ਸਾਲਾਂ ਵਿੱਚ ਮੈਨੂੰ ਭਾਰਤ ਬਾਰੇ ਆਪਣਾ ਪਿਆਰ ਸਾਬਤ ਕਰਨ ਦੀ ਲੋੜ ਨਹੀਂ ਪਈ, ਓਥੇ ਮੈਂ ਇਸ ਗੱਲ ਤੋਂ ਕਾਫ਼ੀ ਨਿਰਾਸ਼ ਹਾਂ ਕਿ ਮੇਰੀ ਨਾਗਰਿਕਤਾ ਦੇ ਮੁੱਦੇ ਬਾਰੇ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਪੂਰੀ ਤਰ੍ਹਾਂ ਨਿੱਜੀ, ਕਾਨੂੰਨੀ ਅਤੇ ਗ਼ੈਰ-ਸਿਆਸੀ ਮੁੱਦਾ ਹੈ।'

ਹੁਣ ਖੁੱਲ੍ਹ ਗਿਆ ਹੈ ਨਵਾਂ ਵਾਲਕ ਇਨ ਕਲੀਨਿਕ ਚਿੰਗਕੂਸੀ ਤੇ ਵੇਨਲੈਸ ਤੇ

ਕਲੀਨਿਕ ਵਿੱਚ ਫਾਰਮਾਸਿਸਟ ਉਪਲਬਧ

- ਕੋਈ ਵੀ ਮਹਿਲਾ ਬੀਮਾਰੀ/ਸਮੱਸਿਆ ਦੇ ਲਈ ਤਜਰਬੇਕਾਰ ਮਹਿਲਾ ਡਾਕਟਰ ਉਪਲਬਧ ਹੈ
- ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
- Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ ਉਪਲਬਧ
- ਲੈਬ ਸੇਵਾ ਵੀ ਉਪਲਬਧ ਹੈ
- ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ

New patients welcome

7 ਦਿਨ ਖੁੱਲ੍ਹਾ

ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
Punjabi/Urdu/Hindi

NOW OPEN / WALK IN CLINIC / PHARMACY

ਚਿੰਗਕੂਸੀ ਅਤੇ ਵੇਨਲਸ ਨੇੜੇ, ਟੀ.ਡੀ. ਬੈਂਕ ਪਲਾਜ਼ਾ
Tel: 905-846-4952

# ਅਯੋਧਿਆ ਨੇੜੇ ਇਸ ਪਿੰਡ ਦੇ ਲੋਕਾਂ ਕਦੇ ਵੋਟ ਹੀ ਨਹੀਂ ਪਾਈ

ਅਯੋਧਿਆ, 5 ਮਈ (ਪੋਸਟ ਬਿਊਰੋ)- ਇਹ ਗੱਲ ਸ਼ਾਇਦ ਕਈ ਲੋਕਾਂ ਦੇ ਮੰਨਣ ਵਿੱਚ ਨਾ ਆਵੇ, ਪਰ ਇਹ ਸੱਚ ਹੈ ਕਿ 17ਵੀਆਂ ਲੋਕ ਸਭਾ ਚੋਣਾਂ ਦੇ ਬਾਵਜੂਦ ਇਕ ਪਿੰਡ ਅਜਿਹਾ ਹੈ, ਜਿੱਥੇ 100 ਤੋਂ ਵੱਧ ਵੋਟਰਾਂ ਨੇ ਕਦੇ ਵੋਟ ਨਹੀਂ ਪਾਈ। ਇਹ ਪਿੰਡ ਬਾਬਰੀ ਮਸਜਿਦ ਵਿਵਾਦਾਂ ਕਾਰਨ ਚਰਚਾ ਵਿਚ ਰਹਿਣ ਵਾਲੇ ਉਤਰ ਪ੍ਰਦੇਸ਼ ਦੇ ਅਯੋਧਿਆ ਜ਼ਿਲ੍ਹੇ ਵਿੱਚ ਪੈਂਦੀ ਫੈਜ਼ਾਬਾਦ ਲੋਕ ਸਭਾ ਸੀਟ ਵਿਚ ਪੈਂਦਾ ਹੈ ਅਤੇ ਇਸ ਦਾ ਪੂਰਾ ਨਾਂਅ ਪੂਰੇ ਬੋਧ ਤਿਵਾੜੀ ਹੈ। ਬੋਧ ਤਿਵਾੜੀ ਪਿੰਡ ਦੇ 110 ਵੋਟਰ ਹਨ ਤੇ ਉਹ ਦੱਸਦੇ ਹਨ ਕਿ ਉਨ੍ਹਾਂ ਲਈ ਅਜ਼ਾਦੀ ਤੋਂ ਬਾਅਦ ਅੱਜ ਤੱਕ ਹੋਈ ਕਿਸੇ ਵੀ ਚੋਣ ਵਿਚ ਵੋਟ ਪਾਉਣ ਲਈ ਪੋਲਿੰਗ ਬੂਥ ਤੱਕ ਜਾਣਾ ਸੰਭਵ ਨਹੀਂ ਹੋਇਆ। ਇਸ ਦਾ ਕਾਰਨ ਦੂਰ ਕਰਨ ਲਈ ਨਾ ਕਦੀ ਚੋਣਾਂ ਕਮਿਸ਼ਨ ਦੀ ਮਸ਼ਿਨਰੀ ਨੇ ਦਿਲਚਸਪੀ ਲਈ ਤੇ ਨਾ ਹਿੰਦੂ ਮੁਸਲਿਮ ਦਾ ਰਾਗ ਅਲਾਪਣ ਵਾਲੇ ਅਤੇ ਇਕ ਇਕ ਵੋਟ ਲਈ ਲੜਦੇ ਉਮੀਦਵਾਰਾਂ ਨੇ ਧਿਆਨ ਦਿੱਤਾ ਹੈ।

# ਕਸ਼ਮੀਰੀ ਅੱਤਵਾਦੀਆਂ ਦੀਆਂ ਪਾਕਿਸਤਾਨੀ ਬੀਵੀਆਂ ਨੇ ਭਾਰਤ ਦੀ ਨਾਗਰਿਕਤਾ ਮੰਗੀ

ਸ੍ਰੀਨਗਰ, 5 ਮਈ (ਪੋਸਟ ਬਿਊਰੋ)- ਆਤਮ ਸਮਰਪਣ ਕਰ ਚੁੱਕੇ ਅੱਤਵਾਦੀਆਂ ਦੀਆਂ ਪਾਕਿਸਤਾਨੀ ਬੀਵੀਆਂ ਨੇ ਕੱਲ੍ਹ ਭਾਰਤ ਦੀ ਕੇਂਦਰ ਸਰਕਾਰ ਅਤੇ ਜੰਮੂ ਕਸ਼ਮੀਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਾਂ ਤਾਂ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਜਲਾਵਤਨ ਕਰ ਦਿੱਤਾ ਜਾਵੇ। ਇਨ੍ਹਾਂ ਔਰਤਾਂ ਨੇ ਆਪਣੀ ਦੁਰਦਸ਼ਾ ਨੂੰ ਖਤਮ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਜੰਮੂ ਕਸ਼ਮੀਰ ਦੇ ਗਵਰਨਰ ਸਤਿਆਪਾਲ ਮਲਿਕ ਨੂੰ ਦਖਲ ਦੇਣ ਦੀ ਮੰਗ ਕੀਤੀ ਅਤੇ ਆਪਣੇ ਵਸੇਬੇ ਵਿੱਚ ਮਦਦ ਲਈ ਅਪੀਲ ਕੀਤੀ ਹੈ।

ਇਨ੍ਹਾਂ ਵਿੱਚੋਂ ਇੱਕ ਔਰਤ ਜੇਵਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਨਾਗਰਿਕਤਾ ਹਾਸਲ ਕਰਨੀ ਸਾਡਾ ਅਧਿਕਾਰ ਹੈ। ਸਾਨੂੰ ਨਾਗਰਿਕ ਬਣਾਇਆ ਜਾਣਾ ਚਾਹੀਦਾ ਹੈ, ਜਿਵੇਂ ਕਿਸੇ ਦੇਸ਼ ਦੇ ਮਰਦਾਂ ਨਾਲ ਵਿਆਹ ਕਰਾਉਣ ਵਾਲੀਆਂ ਔਰਤਾਂ ਦਾ ਅਧਿਕਾਰ ਹੁੰਦਾ ਹੈ। ਅਸੀਂ ਭਾਰਤ ਸਰਕਾਰ ਤੇ ਸੂਬਾ ਸਰਕਾਰ ਨੂੰ ਅਪੀਲ ਕਰਦੀਆਂ ਹਾਂ ਕਿ ਸਾਨੂੰ ਜਾਂ ਨਾਗਰਿਕਤਾ ਦਿੱਤੀ ਜਾਵੇ ਜਾਂ ਜਲਾਵਤਨ ਕੀਤਾ ਜਾਵੇ। ਇਹ ਔਰਤਾਂ ਆਪਣੇ ਪਤੀਆਂ ਨਾਲ ਬੀਤੇ ਦਹਾਕੇ ਤੋਂ ਕਸ਼ਮੀਰ ਵਿੱਚ ਸਨ।

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਰੋਡ ਸ਼ੋਅ ਵਿੱਚ ਫਿਰ ਥੱਪੜ ਮਾਰਿਆ ਗਿਆ

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਥੱਪੜ ਮਾਰੇ ਜਾਣ ਦੀ ਘਟਨਾ ਫਿਰ ਵਾਪਰ ਗਈ ਹੈ। ਏਥੇ ਰੋਡ ਸ਼ੋਅ ਵਿੱਚ ਅੱਜ ਇਕ ਆਦਮੀ ਨੇ ਅਰਵਿੰਦ ਕੇਜਰੀਵਾਲ ਨੂੰ ਥੱਪੜ ਮਾਰ ਦਿੱਤਾ। ਅਸਲ ਵਿੱਚ ਅਰਵਿੰਦ ਕੇਜਰੀਵਾਲ ਸ਼ਨਿੱਚਰਵਾਰ ਸ਼ਾਮ ਮੋਦੀ ਨਗਰ ਵਿੱਚ ਜਦੋਂ ਰੋਡ ਸ਼ੋਅ ਕਰਦੇ ਪਏ ਸਨ ਤਾਂ ਇਕ ਆਦਮੀ ਨੇ ਉਨ੍ਹਾਂ ਨੂੰ ਥੱਪੜ ਮਾਰ ਦਿੱਤਾ। ਅਜਿਹਾ ਕੰਮ ਕਰਨ ਵਾਲੇ ਸ਼ਖ਼ਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤੇ ਉਸ ਦਾ ਨਾਂ ਸੁਰੇਸ਼ ਦੱਸਿਆ ਜਾ ਰਿਹਾ ਹੈ ਅਤੇ ਉਹ ਕੈਲਾਸ਼ ਪਾਰਕ ਦਾ ਰਹਿਣ ਵਾਲਾ ਹੈ।

ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉੱਤੇ ਏਦਾਂ ਦਾ ਹਮਲਾ ਹੋਣ ਦਾ ਇਹ ਪਹਿਲਾ ਕੇਸ ਨਹੀਂ, ਇਸ ਤੋਂ ਪਹਿਲਾਂ ਵੀ ਕਈ ਵਾਰ ਉਨ੍ਹਾਂ ਉੱਤੇ ਏਦਾਂ ਦੇ ਹਮਲੇ ਹੋ ਚੁੱਕੇ ਹਨ। ਅਪਰੈਲ 2016 ਵਿੱਚ ਦਿੱਲੀ ਸਕੱਤਰੇਤ ਵਿੱਚ ਪ੍ਰੈੱਸ ਕਾਨਫਰੰਸ ਮੌਕੇ ਉਨ੍ਹਾਂ ਉੱਤੇ ਜੁੱਤੀ ਸੁੱਟੀ ਗਈ ਸੀ ਅਤੇ ਇਹ ਕੰਮ ਕਰਨ ਵਾਲਾ ਵੇਦ ਪ੍ਰਕਾਸ਼ ਸ਼ਰਮਾ ਆਪਣੇ ਆਪ ਨੂੰ ਆਮ ਆਦਮੀ ਸੈਨਾ ਦਾ ਵਰਕਰ ਦੱਸਦਾ ਸੀ। ਜੁੱਤੀ ਤੋਂ ਇਲਾਵਾ ਕੇਜਰੀਵਾਲ ਵੱਲ ਇੱਕ ਸੀ ਡੀ ਉਛਾਲੀ ਗਈ ਸੀ। ਫਰਵਰੀ 2016 ਵਿੱਚ ਹੀ ਪੰਜਾਬ ਦੇ ਲੁਧਿਆਣਾ ਵਿੱਚ ਅਰਵਿੰਦ ਕੇਜਰੀਵਾਲ ਦੀ ਕਾਰ ਉੱਤੇ ਕੁਝ ਲੋਕਾਂ ਨੇ ਲੋਹੇ ਦੀਆਂ ਰਾਡਾਂ ਤੇ ਡੰਡਿਆਂ ਨਾਲ ਹਮਲਾ ਕੀਤਾ ਸੀ, ਜਿਸ ਦੇ ਨਾਲ ਉਸ ਦੀ ਕਾਰ ਦਾ ਅਗਲਾ ਸ਼ੀਸ਼ਾ ਟੁੱਟ ਗਿਆ ਸੀ। ਜਨਵਰੀ 2016 ਵਿੱਚ ਦਿੱਲੀ ਦੇ ਛਤਰਸ਼ਾਲ ਸਟੇਡੀਅਮ ਵਿੱਚ ਆਡ ਈਵਨ ਫਾਰਮੂਲੇ ਦੇ 15 ਰੋਜ਼ਾ ਟ੍ਰਾਇਲ ਦੀ ਸਫਲਤਾ ਦਾ ਜਸ਼ਨ ਮਨਾ ਰਹੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉੱਤੇ ਸਿਆਹੀ ਸੁੱਟਣ ਦੀ ਘਟਨਾ ਹੋਈ ਸੀ।



Avtar Uppal
Manager

UPPAL LAW

FREE CONSULTATION !



Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



## ਤਾਲਿਬਾਨ ਨੇ ਕਿਹਾ, ਅਮਰੀਕਾ ਗੱਲਬਾਤ ਤੋਂ ਪਹਿਲਾਂ ਹਥਿਆਰ ਸੁੱਟਣ ਦੀ ਮੰਗ ਕਰਨਾ ਬੰਦ ਕਰੇ



ਕਾਬੁਲ, 5 ਮਈ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਦੋ ਦਹਾਕਿਆਂ ਤੋਂ ਚੱਲ ਰਹੇ ਸੰਘਰਸ਼ ਨੂੰ ਖ਼ਤਮ ਕਰਾਉਣ ਦੇ ਯਤਨ ਵਿੱਚ ਲੱਗੇ ਹੋਏ ਅਮਰੀਕਾ ਦੇ ਵਿਸ਼ੇਸ਼ ਦੂਤ ਜਾਲਮੇ ਖਲੀਲਜ਼ਾਦ ਦਾ ਇਕ ਟਵੀਟ ਤਾਲਿਬਾਨ ਨੂੰ ਬਹੁਤ ਬੁਰਾ ਲੱਗਾ ਹੈ। ਅੱਤਵਾਦੀ ਜਥੇਬੰਦੀ ਨੇ ਕਿਹਾ ਹੈ ਕਿ ਖਲੀਲਜ਼ਾਦ ਸਾਥੋਂ ਹਥਿਆਰ ਸੁੱਟਣ ਦੀ ਮੰਗ ਕਰਨਾ ਬੰਦ ਕਰ ਦੇਣ ਅਤੇ ਇਸ ਦੀ ਥਾਂ ਉਨ੍ਹਾਂ ਨੂੰ ਆਪਣੇ ਦੇਸ਼ ਨੂੰ ਫੋਰਸ ਦੀ ਵਰਤੋਂ ਬੰਦ ਕਰਨ ਲਈ ਸਮਝਾਉਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਅਫ਼ਗਾਨਿਸਤਾਨ ਵਿੱਚ ਜਨਮੇ ਹੋਏ ਅਮਰੀਕੀ ਦੂਤ ਖਲੀਲਜ਼ਾਦ ਇਸ ਸਮੇਂ ਤਾਲਿਬਾਨ ਨਾਲ ਕਤਰ ਦੀ ਰਾਜਧਾਨੀ ਦੋਹਾ ਵਿੱਚ ਛੇਵੇਂ ਦੌਰ ਵਾਲੀ ਗੱਲਬਾਤ ਕਰ ਰਹੇ ਹਨ। ਦੋਵਾਂ ਧਿਰਾਂ ਵਿਚਾਲੇ ਇਹ ਗੱਲਬਾਤ ਬੁੱਧਵਾਰ ਤੋਂ ਚੱਲ ਰਹੀ ਹੈ। ਉਨ੍ਹਾਂ ਨੇ ਇਕ ਟਵੀਟ ਵਿੱਚ ਕਿਹਾ ਸੀ, 'ਸਾਡੀ ਗੱਲਬਾਤ ਦੇ ਮੁੱਢਲੇ ਸੈਸ਼ਨ ਵਿੱਚ ਮੈਂ ਤਾਲਿਬਾਨ ਨੂੰ ਜ਼ੋਰ ਦਿੱਤਾ ਹੈ ਕਿ ਅਫ਼ਗਾਨ ਲੋਕ ਤੁਹਾਡੇ ਭਰਾ-ਭੈਣ ਹਨ ਤੇ ਉਹ ਇਸ ਜੰਗ ਦਾ ਖ਼ਾਤਮਾ ਚਾਹੁੰਦੇ ਹਨ। ਇਸ ਲਈ ਹਥਿਆਰ ਸੁੱਟਣ, ਹਿੰਸਾ ਰੋਕਣ ਅਤੇ ਸ਼ਾਂਤੀ ਦੀ ਰਾਹ ਉੱਤੇ ਚੱਲਣ ਵਾਲਾ ਸਮਾਂ ਆ ਗਿਆ ਹੈ।' ਇਸ ਦੇ ਜਵਾਬ ਵਿੱਚ ਤਾਲਿਬਾਨ ਦੇ ਬੁਲਾਰੇ ਜਬੀਹਉੱਲਾ ਮੁਜਾਹਿਦ ਨੇ ਕਈ ਤਿੱਖੇ ਟਵੀਟ ਕੀਤੇ, ਜਿਨ੍ਹਾਂ ਵਿੱਚੋਂ ਇਕ ਟਵੀਟ ਵਿੱਚ ਉਸ ਨੇ ਕਿਹਾ, 'ਉਨ੍ਹਾਂ ਨੂੰ ਹਥਿਆਰ ਸੁੱਟਣ ਦਾ ਵਿਚਾਰ ਭੁੱਲ ਜਾਣਾ ਚਾਹੀਦਾ ਹੈ। ਏਦਾਂ ਦੀਆਂ ਕਲਪਨਾਵਾਂ ਦੀ ਥਾਂ ਉਨ੍ਹਾਂ ਨੂੰ ਅਮਰੀਕਾ ਨੂੰ ਤਾਕਤ ਦੀ ਵਰਤੋਂ ਬੰਦ ਕਰਨ ਲਈ ਸਮਝਾਉਣਾ ਚਾਹੀਦਾ ਹੈ।' ਸਾਲ 2001 ਵਿੱਚ ਅਫ਼ਗਾਨਿਸਤਾਨ ਦੀ ਸੱਤਾ ਤੋਂ ਬੇਦਖ਼ਲ ਹੋਣ ਪਿੱਛੋਂ ਬੀਤੇ ਸਮੇਂ ਵਿੱਚ ਤਾਲਿਬਾਨ ਵੱਲੋਂ ਹਮਲੇ ਵਧ ਗਏ ਹਨ। ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਕਬਜ਼ੇ ਜਾਂ ਪ੍ਰਭਾਵ ਵਾਲੇ ਖੇਤਰਾਂ ਵਿੱਚ ਵਾਧਾ ਹੋਇਆ ਹੈ। ਇਸ ਜੰਗ ਤੋਂ ਪੀੜਤ ਅਫ਼ਗਾਨਿਸਤਾਨ ਵਿੱਚ ਇਸ ਸਮੇਂ ਕਰੀਬ 14 ਹਜ਼ਾਰ ਅਮਰੀਕੀ ਫੌਜੀ ਹਨ, ਜਿਹੜੇ ਅਫ਼ਗਾਨਿਸਾਨ ਦੀ ਫੋਰਸ ਨੂੰ ਤਾਲਿਬਾਨ ਨਾਲ ਭਵਿੱਖ ਵਿੱਚ ਮੁਕਾਬਲਾ ਕਰਨ ਲਈ ਸਿਖਲਾਈ ਦੇ ਰਹੇ ਹਨ।

## ਮੋਦੀ ਦੇ ਮਿੱਤਰ ਭਾਰਤੀ ਕਾਰੋਬਾਰੀ ਅਡਾਨੀ ਨੂੰ ਆਸਟਰੇਲੀਆ ਨੇ ਝਟਕਾ ਦਿੱਤਾ

### * ਵਾਤਾਵਰਣ ਵਿਗਾੜ ਦੇ ਦੋਸ਼ ਹੇਠ ਪ੍ਰਾਜੈਕਟ ਰੋਕਿਆ



ਸਿਡਨੀ, 5 ਮਈ, (ਪੋਸਟ ਬਿਊਰੋ)- ਆਸਟਰੇਲੀਆ ਦੇ ਕੁਈਨਜ਼ਲੈਂਡ ਦੀ ਰਾਜ ਸਰਕਾਰ ਨੇ ਭਾਰਤ ਦੇ ਕਾਰੋਬਾਰੀ ਅਤੇ ਊਰਜਾ ਕੰਪਨੀ ਅਡਾਨੀ ਦੀ ਇਕ ਯੋਜਨਾ ਰੱਦ ਕਰ ਦਿੱਤੀ ਹੈ। ਇਸ ਯੋਜਨਾ ਨਾਲ ਏਥੇ ਖਤਮ ਹੋ ਰਹੀ ਪੰਛੀਆਂ ਦੀ ਇਕ ਨਸਲ ਦੀ ਰੱਖਿਆ ਕੀਤੀ ਜਾਣੀ ਜ਼ਰੂਰੀ ਸਮਝੀ ਗਈ ਸੀ। ਸਰਕਾਰ ਨੇ ਕਿਹਾ ਹੈ ਕਿ ਕੰਪਨੀ ਦੀ ਯੋਜਨਾ ਵਿੱਚ ਦੱਸੇ ਗਏ ਬਿਲੀਅਨ ਡਾਲਰ ਦੇ ਮਾਈਨਿੰਗ ਪ੍ਰਾਜੈਕਟ ਲਈ ਪ੍ਰਵਾਨਗੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ। ਵਰਨਣ ਯੋਗ ਹੈ ਕਿ ਇਸ ਕੰਪਨੀ ਦੇ ਮਾਲਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਜ਼ਿਆਦਾ ਨੇੜੇ ਗਿਣੇ ਜਾਂਦੇ ਹਨ।


ਦੱਖਣੀ ਦੇਸ਼ ਆਸਟਰੇਲੀਆ ਦੇ ਮੀਡੀਆ ਵਿਭਾਗ ਨੇ ਅੱਜ ਸ਼ੁੱਕਰਵਾਰ ਨੂੰ ਦੱਸਿਆ ਹੈ ਕਿ ਇਸ ਬਾਰੇ ਵਾਤਾਵਰਣ ਵਿਭਾਗ ਦੀ ਰਿਪੋਰਟ ਮਿਲਣ ਪਿੱਛੋਂ ਕੁਈਨਜ਼ਲੈਂਡ ਸਰਕਾਰ ਨੇ ਕਾਰਮਾਈਕਲ ਕੋਲਾ ਖਾਨ ਪ੍ਰਾਜੈਕਟ ਉੱਤੇ ਰੋਕ ਲਾ ਦਿੱਤੀ ਹੈ। ਵਾਤਾਵਰਣ ਰਿਪੋਰਟ ਮੁਤਾਬਕ ਇਸ ਪ੍ਰਾਜੈਕਟ ਨਾਲ ਕੁਈਨਜ਼ਲੈਂਡ ਵਿਚ ਕਾਲੀ ਗਰਦਨ ਵਾਲੇ ਖਤਮ ਹੋ ਰਹੇ ਪੰਛੀਆਂ ਨੂੰ ਸੰਕਟ ਪੈਦਾ ਹੋ ਸਕਦਾ ਹੈ। ਇਸ ਲਈ ਕਿਆਸ ਲੱਗ ਰਹੇ ਹਨ ਕਿ ਅਡਾਨੀ ਦਾ ਪ੍ਰਾਜੈਕਟ ਅੱਧ ਵਿਚਾਲੇ ਲਟਕ ਸਕਦਾ ਹੈ। ਇਸ ਤੋਂ ਪਹਿਲਾਂ ਕਿ ਕੰਪਨੀ ਇਸ ਮਾਈਨਿੰਗ ਪ੍ਰਾਜੈਕਟ ਉੱਤੇ ਕੰਮ ਸ਼ੁਰੂ ਕਰਦੀ, ਉਸ ਦੇ ਸਾਹਮਣੇ ਦੂਸਰੀ ਰੁਕਾਵਟ ਜ਼ਮੀਨ ਹੇਠਲੇ ਪਾਣੀ ਨੇ ਖੜੀ ਕਰ ਦਿੱਤੀ ਹੈ। ਇਸ ਪਾਣੀ ਉੱਤੇ ਪੈਣ ਵਾਲੇ ਪ੍ਰਭਾਵ ਦੀ ਪੜਤਾਲ ਖੁਦ ਰਾਜ ਸਰਕਾਰ ਕਰ ਰਹੀ ਹੈ ਅਤੇ ਸਾਹਮਣੇ ਆ ਰਹੇ ਵਿਗਾੜਾਂ ਨਾਲ ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਨੂੰ ਘੋਖਿਆ ਜਾ ਰਿਹਾ ਹੈ। ਪ੍ਰਾਜੈਕਟ ਵਿਚ ਆ ਰਹੀਆਂ ਮੁਸ਼ਕਲਾਂ ਬਾਰੇ ਕੁਈਨਜ਼ਲੈਂਡ ਦੇ ਵਾਤਾਵਰਣ ਅਧਿਕਾਰੀਆਂ ਨੇ ਵੀਰਵਾਰ ਨੂੰ ਅਡਾਨੀ ਗਰੁੱਪ ਦੇ ਅਫਸਰਾਂ ਨਾਲ ਇੱਕ ਬੈਠਕ ਕੀਤੀ ਤਾਂ ਇਸ ਮੌਕੇ ਵਾਤਾਵਰਣ ਅਫਸਰਾਂ ਨੇ ਕਿਹਾ ਕਿ ਮੌਜੂਦਾ ਰੂਪ ਵਿਚ ਇਸ ਪ੍ਰਾਜੈਕਟ ਨੂੰ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ। ਇਸ ਦੌਰਾਨ ਅਡਾਨੀ ਗਰੁੱਪ ਦੇ ਆਸਟਰੇਲੀਆ ਵਿੱਚ ਸੀ ਈ ਓ ਲੁਕਾਸ ਡਾਵ ਨੇ ਕਿਹਾ ਕਿ ਅਸੀਂ ਅੱਗੋਂ ਨਵੀਆਂ ਅਪੀਲਾਂ ਨਾਲ ਪ੍ਰਕਿਰਿਆ ਸ਼ੁਰੂ ਕਰ ਰਹੇ ਹਾਂ। ਵਾਤਾਵਰਣ ਵਿਭਾਗ ਦਾ ਕਹਿਣਾ ਹੈ ਕਿ ਇਸ ਸਾਈਟ ਉੱਤੇ ਕਾਲੇ ਗਲੇ ਵਾਲੇ ਪੰਛੀਆਂ ਦੀ ਕਾਫੀ ਗਿਣਤੀ ਹੈ, ਜਿਹੜੇ ਖਤਮ ਹੋ ਰਹੇ ਹਨ। ਵਿਭਾਗ ਦੇ ਦੱਸਣ ਮੁਤਾਬਕ ਕੰਪਨੀ ਨੂੰ ਆਪਣੀ ਯੋਜਨਾ ਦੀਆਂ ਨੀਤੀਆਂ ਦੀ ਮੁੜ ਵਿਚਾਰ ਕਰਨੀ ਅਤੇ ਪ੍ਰਕਿਰਿਆ ਨੂੰ ਦੁਬਾਰਾ ਸ਼ੁਰੂ ਕਰਨਾ ਹੋਵੇਗਾ। ਕੁਈਨਜ਼ਲੈਂਡ ਰਾਜ ਵਿਚ ਵੱਡੇ ਪੱਧਰ ਉੱਤੇ ਕੋਲਾ ਮਾਈਨਿੰਗ ਆਸਟਰੇਲੀਆ ਵਿਚ ਇਕ ਵਿਵਾਦਤ ਮੁੱਦਾ ਰਿਹਾ ਹੈ, ਪਰ ਅਡਾਨੀ ਪ੍ਰਾਜੈਕਟ ਨੂੰ ਪਿੱਛੇ ਜਿਹੇ ਵਿਕਾਸ ਲਈ ਆਸਟਰੇਲੀਆ ਫੈਡਰਲ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਸੀ।

## ਪਾਕਿ ਸਰਕਾਰ ਰਮਜ਼ਾਨ ਦੌਰਾਨ ਪਾਬੰਦੀ ਸ਼ੁਦਾ ਸੰਗਠਨਾਂ ਦੇ ਚੰਦੇ ਉੱਤੇ ਨਜ਼ਰ ਰੱਖੇਗੀ

ਇਸਲਾਮਾਬਾਦ, 5 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਰਮਜ਼ਾਨ ਦੌਰਾਨ ਸੂਬਾ ਸਰਕਾਰਾਂ ਨੂੰ ਵੱਖ-ਵੱਖ ਪਾਬੰਦੀ ਸ਼ੁਦਾ ਜਮਾਤਾਂ ਉੱਤੇ ਨਜ਼ਰ ਰੱਖਣ ਨੂੰ ਕਿਹਾ ਹੈ। ਜੈਸ਼-ਏ-ਮੁਹੰਮਦ ਅਤੇ ਜਮਾਤ-ਉਦ-ਦਾਅਵਾ ਸਮੇਤ ਕਈ ਸੰਗਠਨਾਂ ਦੇ ਚੰਦਾ ਇਕੱਠਾ ਕਰਨ ਉੱਤੇ ਪਾਬੰਦੀ ਲਾਈ ਗਈ ਹੈ। ਮੰਤਰਾਲੇ ਨੇ ਕਿਹਾ ਹੈ ਕਿ ਰਾਜ ਸਰਕਾਰਾਂ ਪਾਬੰਦੀ ਦਾ ਸਖ਼ਤੀ ਨਾਲ ਪਾਲਣ ਯਕੀਨੀ ਬਣਾਉਣ।

ਵਰਨਣ ਯੋਗ ਹੈ ਕਿ ਇਸਲਾਮ ਵਿੱਚ ਰਮਜ਼ਾਨ ਨੂੰ ਦਾਨ ਦਾ ਮਹੀਨਾ ਮੰਨਿਆ ਜਾਂਦਾ ਹੈ ਅਤੇ ਦਾਨ ਦੀ ਆੜ ਵਿੱਚ ਬਹੁਤ ਸਾਰੇ ਸੰਗਠਨ ਆਪਣੀਆਂ ਗੈਰ ਸਮਾਜੀ ਸਰਗਰਮੀਆਂ ਲਈ ਚੰਦਾ ਇਕੱਠਾ ਕਰਦੇ ਹਨ। ਰਾਜ ਸਰਕਾਰਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਲੋਕਾਂ ਨੂੰ ਦੱਸਣ ਕਿ ਅੱਤਵਾਦ ਰੋਕੂ ਕਾਨੂੰਨ 1997 ਅਤੇ ਯੂ ਐੱਨ ਸਕਿਓਰਟੀ ਕੌਂਸਲ ਦੇ ਮਤੇ ਮੁਤਾਬਕ ਪਾਬੰਦੀ ਸ਼ੁਦਾ ਸੰਗਠਨਾਂ ਨੂੰ ਕਿਸੇ ਤਰ੍ਹਾਂ ਸਮੱਰਥਨ ਜਾਂ ਪੈਸੇ ਦੇਣਾ ਜੁਰਮ ਹੈ। ਇਸ ਲਈ ਪੰਜ ਤੋਂ 10 ਸਾਲ ਦੀ ਜੇਲ੍ਹ ਅਤੇ ਜੁਰਮਾਨਾ ਹੋ ਸਕਦਾ ਹੈ। ਵੱਖ-ਵੱਖ ਰਿਪੋਰਟਾਂ ਮੁਤਾਬਕ ਪਾਕਿਸਤਾਨੀ ਜਨਤਾ ਸਾਲ ਵਿਚ ਕਰੀਬ 4.5 ਅਰਬ ਡਾਲਰ ਦਾਨ ਕਰਦੀ ਹੈ। ਇਸ ਦਾ ਵੱਡਾ ਹਿੱਸਾ ਰਮਜ਼ਾਨ ਮਹੀਨੇ ਵਿੱਚ ਦਾਨ ਕੀਤਾ ਜਾਂਦਾ ਹੈ। ਸਰਕਾਰ ਦਾ ਦਾਅਵਾ ਹੈ ਕਿ ਉਸ ਨੇ ਪਾਬੰਦੀ ਸ਼ੁਦਾ ਜਮਾਤਾਂ ਦੀ ਨਕੇਲ ਕੱਸ ਦਿੱਤੀ ਹੈ, ਪ੍ਰੰਤੂ ਇਨ੍ਹਾਂ ਵਿਚੋਂ ਕਈ ਜਮਾਤਾਂ ਦਾਨ ਦੇ ਬਹਾਨੇ ਪੈਸੇ ਇਕੱਠੇ ਕਰਦੀਆਂ ਹਨ। ਪਾਕਿਸਤਾਨ ਵਿਚ ਦਰਜਨਾਂ ਜਮਾਤਾਂ ਉੱਤੇ ਪਾਬੰਦੀ ਲੱਗੀ ਹੈ, ਜਿਨ੍ਹਾਂ ਵਿਚ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ, ਅਲ ਕਾਇਦਾ, ਤਹਿਰੀਕ-ਏ-ਤਾਲਿਬਾਨ ਪਾਕਿਸਤਾਨ, ਆਈ ਐੱਸ, ਲਸ਼ਕਰ-ਏ-ਝੰਗਵੀ, ਜਮਾਤ-ਉਦ-ਦਾਅਵਾ ਤੇ ਫਲਾਹ-ਏ-ਇਨਸਾਨੀਅਤ ਫਾਊਂਡੇਸ਼ਨ ਸ਼ਾਮਲ ਹਨ। ਮੰਤਰਾਲੇ ਮੁਤਾਬਿਕ ਸਰਕਾਰ ਨੇ ਪਾਬੰਦੀ ਸ਼ੁਦਾ ਗਰੁੱਪਾਂ ਨਾਲ ਜੁੜੇ 589 ਮਦਰੱਸਿਆਂ, ਸਕੂਲਾਂ, ਹਸਪਤਾਲਾਂ ਅਤੇ ਐਂਬੂਲੈਂਸਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ।

## ਸਵਾਦ ਨਹੀਂ, ਰੋਮਾਂਚ ਲਈ ਕੌਫੀ ਜਾਂ ਬੀਅਰ ਪੀਂਦੇ ਹਨ ਲੋਕ



ਵਾਸ਼ਿੰਗਟਨ, 5 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਇਕ ਯੂਨੀਵਰਸਿਟੀ ਦੇ ਅਧਿਐਨ ਮੁਤਾਬਕ ਕੌਫੀ ਜਾਂ ਬੀਅਰ ਪੀਣ ਦੀ ਸਾਡੀ ਪਹਿਲ ਇਨ੍ਹਾਂ ਪੀਣ ਯੋਗ ਪਦਾਰਥਾਂ ਦੇ ਸਵਾਦ 'ਤੇ ਆਧਾਰਿਤ ਨਹੀਂ ਹੁੰਦੀ, ਇਨ੍ਹਾਂ ਨੂੰ ਪੀਣ ਨਾਲ ਅਸੀਂ ਕਿਵੇਂ ਮਹਿਸੂਸ ਕਰਦੇ ਹਾਂ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ।

ਅਮਰੀਕਾ ਵਿੱਚ ਨਾਰਥ ਵੈਸਟਰਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਸਾਡੇ ਸਵਾਦ ਲਈ ਜ਼ਿੰਮੇਵਾਰ ਜੀਨ ਵਿੱਚ ਵਖਰੇਵੇਂ ਦੀ ਭਾਲ ਕੀਤੀ ਹੈ, ਜਿਸ ਤੋਂ ਪੀਣ ਯੋਗ ਪਦਾਰਥਾਂ ਨੂੰ ਪੀਣ ਦੀ ਸਾਡੀ ਪਹਿਲ ਦਾ ਪਤਾ ਚੱਲ ਸਕੇ। ਇਨ੍ਹਾਂ ਨੂੰ ਸਮਝਣ ਦੇ ਬਾਅਦ ਹੀ ਲੋਕਾਂ ਦੇ ਖਾਣ ਪੀਣ ਵਿੱਚ ਫੇਰਬਦਲ ਦੇ ਤਰੀਕੇ ਨੂੰ ਸਮਝਣ ਵਿੱਚ ਮਦਦ ਮਿਲ ਸਕਦੀ ਹੈ। ਇਹ ਅਧਿਐਨ 'ਹਿਊਮਨ ਮਾਲੇਕਿਊਲਰ ਜੇਨੇਟਿਕਸ' ਵਿੱਚ ਛਾਪਿਆ ਗਿਆ ਹੈ। ਖੋਜ ਕਰਤਾਵਾਂ ਨੇ ਕੌੜੇ ਤੇ ਮਿੱਠੇ ਸਵਾਦ ਵਾਲੇ ਪੀਣ ਯੋਗ ਪਦਾਰਥਾਂ ਦੀ ਵਰਤੋਂ 'ਤੇ ਉਨ੍ਹਾਂ ਦੇ ਜੀਨ ਨਾਲ ਸੰਬੰਧ ਦਾ ਅਧਿਐਨ ਕੀਤਾ। ਉਨ੍ਹਾਂ ਨੇ ਬ੍ਰਿਟੇਨ ਦੇ ਬਾਇਓਬੈਂਕ ਵਿੱਚ 3.36 ਲੱਖ ਲੋਕਾਂ ਨੂੰ ਪਰੋਸੇ ਗਏ ਕੌੜੇ ਤੇ ਮਿੱਠੇ ਸਵਾਦ ਵਾਲੇ ਪੀਣ ਯੋਗ ਪਦਾਰਥਾਂ ਦੀ ਗਿਣਤੀ ਦੀ ਗਣਨਾ ਕੀਤੀ। ਅਧਿਐਨ ਤੋਂ ਪਤਾ ਲੱਗਦਾ ਹੈ ਕਿ ਕੌੜੇ ਜਾਂ ਮਿੱਠੇ ਸਵਾਦ ਵਾਲੇ ਪੀਣ ਯੋਗ ਪਦਾਰਥਾਂ ਦੀ ਸਾਡੀ ਪਹਿਲ ਸਾਡੇ ਸਵਾਦ ਲਈ ਜ਼ਿੰਮੇਵਾਰ ਜੀਨ ਵਿੱਚ ਵਿਵਿਧਤਾ ਦੇ ਕਾਰਨ ਨਹੀਂ, ਇਨ੍ਹਾਂ ਪੀਣ ਯੋਗ ਪਦਾਰਥਾਂ ਬਾਰੇ ਮਨੋਵਿਗਿਆਨਕ ਸਰਗਰਮੀ ਪੈਦਾ ਕਰਨ ਵਾਲੇ ਜੀਨ ਉੱਤੇ ਆਧਾਰਿਤ ਹੁੰਦੀ ਹੈ।

## ਸਾਬਕਾ ਅਮਰੀਕੀ ਅਧਿਕਾਰੀ ਨੇ ਕਿਹਾ, ਪਾਕਿਸਤਾਨ ਆਪਣੀ ਹੋਂਦ ਲਈ ਭਾਰਤ ਨੂੰ ਖਤਰਾ ਮੰਨਦੈ



ਵਾਸ਼ਿੰਗਟਨ, 5 ਮਈ (ਪੋਸਟ ਬਿਊਰੋ)- ਅਮਰੀਕਾ ਦੀ ਸੂਹੀਆ ਏਜੰਸੀ ਦੇ ਇਕ ਸਾਬਕਾ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਆਪਣੀ ਹੋਂਦ ਲਈ ਭਾਰਤ ਨੂੰ ਵੱਡਾ ਖਤਰਾ ਮੰਨਦਾ ਹੈ ਅਤੇ ਇਹੀ ਵਜ੍ਹਾ ਹੈ ਕਿ ਉਹ ਦਹਿਸ਼ਤੀ ਗੁੱਟਾਂ ਦੀ ਭਾਰਤ ਦੇ ਖਿਲਾਫ ਇਕ ਸੰਦ ਵਜੋਂ ਵਰਤੋਂ ਕਰਦਾ ਆ ਰਿਹਾ ਹੈ।

ਸੀ ਆਈ ਏ ਦੇ ਸਾਬਕਾ ਕਾਰਜਕਾਰੀ ਡਾਇਰੈਕਟਰ ਮਿਸ਼ੇਲ ਮੋਰੈਲ ਨੇ ਕਰਟ ਕੈਂਪਬੈਲ ਉਤੇ ਰਿਚ ਵਰਮਾ ਨਾਲ ਵਿਚਾਰ ਚਰਚਾ ਦੌਰਾਨ ਕਿਹਾ ਕਿ ਪਾਕਿਸਤਾਨ ਇਸ ਵਿਸ਼ਵ ਦੇ ਸਭ ਤੋਂ ਖਤਰਨਾਕ ਦੇਸ਼ਾਂ 'ਚੋਂ ਇਕ ਹੈ। ਮੋਰੈਲ ਨੇ ਕਿਹਾ ਕਿ ਭਾਰਤ ਦੇ ਖਿਲਾਫ ਜਾਰੀ ਜੱਦੋ ਜਹਿਦ ਲਈ ਪਾਕਿਸਤਾਨ ਦਹਿਸ਼ਤੀ ਗਰੁੱਪਾਂ ਨੂੰ ਇਕ ਸੰਦ ਵਜੋਂ ਵਰਤਦਾ ਹੈ। ਪੂਰਬੀ ਏਸ਼ੀਆ ਮਾਮਲਿਆਂ ਬਾਰੇ ਸਾਬਕਾ ਵਧੀਕ ਸਕੱਤਰ ਕੈਂਪਬੈਲ ਅਤੇ ਭਾਰਤ ਵਿੱਚ ਅਮਰੀਕਾ ਦੇ ਸਾਬਕਾ ਰਾਜਦੂਤ ਵਰਮਾ ਏਸ਼ੀਆ ਗਰੁੱਪ ਦੇ 'ਦਿ ਟੀਲੀਵਜ਼' ਪੋਡਕਾਸਟ ਵੱਲੋਂ ਕਰਵਾਈ ਗਈ ਇਸ ਚਰਚਾ ਦੀ ਲਗਾਤਾਰ ਮੇਜ਼ਬਾਨੀ ਕਰਦੇ ਹਨ। ਮੋਰੈਲ ਨੇ ਕਿਹਾ, 'ਉਨ੍ਹਾਂ ਨੂੰ ਇਹ ਗੱਲ ਕਿਉਂ ਸਮਝ ਨਹੀਂ ਪੈਂਦੀ ਕਿ ਇਨ੍ਹਾਂ ਦਹਿਸ਼ਤਗਰਦ ਜਥੇਬੰਦੀਆਂ ਦਾ ਕੰਟਰੋਲ ਰੱਖਣਾ ਸੰਭਵ ਹੀ ਨਹੀਂ, ਇਕ ਦਿਨ ਆਏਗਾ ਕਿ ਉਹ ਤੁਹਾਨੂੰ ਹੀ ਡੰਗਣਗੇ। ਮੈਂ ਮੰਨਦਾ ਹਾਂ ਕਿ ਪਾਕਿਸਤਾਨ ਆਖਰ ਨੂੰ ਵਿਸ਼ਵ ਦੇ ਸਭ ਤੋਂ ਖਤਰਨਾਕ ਮੁਲਕਾਂ ਵਿੱਚੋਂ ਇਕ ਹੈ। ਐਬਟਾਬਾਦ ਵਿੱਚ ਲੁਕੇ ਅਲ ਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਨੂੰ ਮਾਰਨ ਦੀ ਕਾਰਵਾਈ ਵਿੱਚ ਅਹਿਮ ਭੂਮਿਕਾ ਨਿਭਾ ਚੁੱਕੇ ਮੋਰੈਲ ਨੇ ਕਿਹਾ ਕਿ ਪਾਕਿਸਤਾਨ ਆਪਣੀ ਹੋਂਦ ਲਈ ਭਾਰਤ ਨੂੰ ਖਤਰਾ ਮੰਨਦਾ ਹੈ ਅਤੇ ਇਸੇ ਲਈ ਦਹਿਸ਼ਤਗਰਦਾਂ ਨੂੰ ਵਰਤਦਾ ਹੈ।

## ਜੈਸ਼-ਇ-ਮੁਹੰਮਦ ਨਾਲ ਸਬੰਧਾਂ ਕਾਰਨ ਪਾਕਿ ਮੂਲ ਦਾ ਅਮਰੀਕੀ ਨਾਗਰਿਕ ਵੱਕਾਰ ਕਾਬੂ



ਵਾਸ਼ਿੰਗਟਨ, 5 ਮਈ (ਪੋਸਟ ਬਿਊਰੋ)- ਅੱਤਵਾਦੀ ਗਰੁੱਪ ਇਸਲਾਮਿਕ ਸਟੇਟ (ਆਈ ਐੱਸ) ਅਤੇ ਜੈਸ਼-ਏ-ਮੁਹੰਮਦ ਨਾਲ ਸੰਪਰਕ ਰੱਖਣ ਵਾਲੇ ਪਾਕਿਸਤਾਨੀ ਮੂਲ ਦੇ ਅਮਰੀਕੀ ਵੱਕਾਰ ਉਲ-ਹਸਨ (35) ਨੂੰ ਅਮਰੀਕੀ ਜਾਂਚ ਏਜੰਸੀ ਐੱਫ ਬੀ ਆਈ ਨੇ ਗ੍ਰਿਫ਼ਤਾਰ ਕੀਤਾ ਹੈ। ਪਾਕਿਸਤਾਨ ਵਿਚ ਪੈਦਾ ਹੋਇਆ ਹਸਨ 15 ਸਾਲ ਦੀ ਉਮਰ ਵਿਚ ਇੱਥੇ ਆਇਆ ਸੀ ਤੇ ਇਸ ਵੇਲੇ ਅਮਰੀਕਾ ਦਾ ਨਾਗਰਿਕ ਹੈ। ਉਸ ਨੂੰ ਨਾਰਥ ਕੈਰੋਲਿਨਾ ਦੇ ਚਾਰਲੋਟ ਡਗਲਸ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਇਸਲਾਮਾਬਾਦ ਤੋਂ ਮੁੜਦੇ ਸਾਰ ਐੱਫ ਬੀ ਆਈ ਦੇ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਲਿਆ।

ਐੱਫ ਬੀ ਆਈ ਨੇ ਵੱਕਾਰ ਉੱਤੇ ਅੱਤਵਾਦੀ ਜਥੇਬੰਦੀਆਂ ਨਾਲ ਆਪਣੇ ਸੰਬੰਧ ਨੂੰ ਲੁਕਾਉਣ ਦਾ ਦੋਸ਼ ਲਾਇਆ ਹੈ। ਇਸ ਦੋਸ਼ ਵਿਚ ਉਸ ਨੂੰ ਅੱਠ ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ। ਅਮਰੀਕੀ ਜਾਂਚ ਏਜੰਸੀ ਨੂੰ ਅੱਤਵਾਦੀ ਗਰੁੱਪਾਂ ਨਾਲ ਉਸ ਦੇ ਸੰਬੰਧਾਂ ਦੀ ਸੂਚਨਾ 2014 ਵਿਚ ਮਿਲ ਗਈ ਸੀ। ਮੁੱਢਲੀ ਪੁੱਛਗਿੱਛ ਵਿਚ ਉਸ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ, ਪਰ 2015 ਵਿਚ ਜਦੋਂ ਉਸ ਤੋਂ ਫਿਰ ਪੁੱਛਗਿੱਛ ਹੋਈ ਤਾਂ ਉਸ ਨੇ ਝੂਠੀ ਸੂਚਨਾ ਦੇਣ ਦੀ ਗੱਲ ਮੰਨ ਲਈ। ਓਦੋਂ ਉਸ ਨੇ ਮੰਨਿਆ ਕਿ ਉਹ ਆਈ ਐੱਸ ਅਤੇ ਜੈਸ਼ ਦੇ ਅੱਤਵਾਦੀਆਂ ਦੇ ਸੰਪਰਕ ਵਿਚ ਹੈ ਤੇ ਦੋਵੇਂ ਅੱਤਵਾਦੀ ਸੰਗਠਨਾਂ ਦੇ ਦਹਿਸ਼ਤਗਰਦਾਂ ਨਾਲ ਗੱਲਬਾਤ ਕਰਦਾ ਰਹਿੰਦਾ ਹੈ। ਹਸਨ ਨੇ ਐੱਫ ਬੀ ਆਈ ਅਧਿਕਾਰੀਆਂ ਕੋਲ ਇਹ ਮੰਨਿਆ ਸੀ ਕਿ ਉਹ ਕਈ ਦਿਨ ਅੱਤਵਾਦੀਆਂ ਨਾਲ ਵੀ ਰਿਹਾ ਸੀ ਅਤੇ ਜੈਸ਼ ਲਈ ਪੈਸਾ ਪੁਚਾਉਣ ਲਈ ਉਹ 2013 ਅਤੇ 2014 ਵਿਚ ਪਾਕਿਸਤਾਨ ਗਿਆ ਸੀ।

## ਅਮਰੀਕਾ ਦੇ ਫਲੋਰੀਡਾ ਵਿੱਚ ਹਵਾਈ ਜਹਾਜ਼ ਨਦੀ ਵਿੱਚ ਡਿੱਗਾ

ਫਲੋਰੀਡਾ, 5 ਮਈ (ਪੋਸਟ ਬਿਊਰੋ)- ਅਮਰੀਕਾ ਦੇ ਫਲੋਰੀਡਾ ਦੇ ਜੈਕਸ਼ਨਵਿਲੇ ਵਿੱਚ 143 ਮੁਸਾਫਰਾਂ ਨੂੰ ਲਿਜਾ ਰਿਹਾ ਬੋਇੰਗ 737 ਜਹਾਜ਼ ਹਾਦਸਾ ਗ੍ਰਸਤ ਹੋ ਗਿਆ। ਰਿਪੋਰਟ ਮੁਤਾਬਕ ਜਹਾਜ਼ ਨਵਲ ਏਅਰ ਸਟੇਸ਼ਨ ਜੈਕਸ਼ਨਵਿਲੇ ਰਨਵੇ ਤੋਂ ਉਡਿਆ ਤੇ ਸਿੱਧੇ ਸੇਂਟ ਜਾਨਸ ਨਦੀ ਵਿੱਚ ਜਾ ਡਿੱਗਾ। ਇਹ ਇੱਕ ਕਮਰਸ਼ਲ ਫਲਾਈਟ ਸੀ। ਜਹਾਜ਼ 'ਚ ਸਵਾਰ 143 ਲੋਕਾਂ ਵਿੱਚੋਂ 136 ਯਾਤਰੀ ਤੇ ਸੱਤ ਜਹਾਜ਼ ਦੇ ਸਟਾਫ ਮੈਂਬਰ ਸਨ। ਚੰਗੀ ਗੱਲ ਇਹ ਹੈ ਕਿ ਜਹਾਜ਼ ਡੂੰਘੇ ਪਾਣੀ ਵਿੱਚ ਹਾਦਸਾ ਗ੍ਰਸਤ ਨਹੀਂ ਹੋਇਆ। ਇਸ ਲਈ ਜਹਾਜ਼ ਡੁੱਬਿਆ ਨਹੀਂ ਅਤੇ ਜਹਾਜ਼ 'ਚ ਮੌਜੂਦ ਸਾਰੇ ਲੋਕਾਂ ਦੀਆਂ ਜਾਨਾਂ ਬਚ ਗਈਆਂ। ਬਚਾਅ ਕਾਰਜ ਲਈ ਜੇ ਐੱਸ ਓ ਮਰੀਨ ਯੂਨਿਟ ਨੂੰ ਬੁਲਾਇਆ ਗਿਆ। ਜੈਕਸ਼ਨਵਿਲੇ ਦੇ ਮੇਅਰ ਨੇ ਟਵੀਟ ਕਰ ਕੇ ਦੱਸਿਆ ਕਿ ਸਾਡਾ ਇੱਕ ਕਮਰਸ਼ਲ ਜਹਾਜ਼ ਨਦੀ 'ਚ ਜਾ ਡਿੱਗਾ ਹੈ।

## ਨੇਪਾਲੀ ਫੌਜ ਨੇ ਹਿਮਾਲਿਆ ਵਿੱਚ ਯੇਤੀ ਦੇ ਹੋਣ ਦਾ ਦਾਅਵਾ ਰੱਦ ਕੀਤਾ

ਕਾਠਮੰਡੂ, 5 ਮਈ (ਪੋਸਟ ਬਿਊਰੋ)- ਨੇਪਾਲ ਦੀ ਫੌਜ ਨੇ ਭਾਰਤੀ ਫੌਜ ਦੇ ਉਸ ਦਾਅਵੇ ਨੂੰ ਰੱਦ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਹਿਮਾਲੀਆ ਪਹਾੜ ਉੱਤੇ ਯੇਤੀ (ਬਰਫਾਨੀ ਮਨੁੱਖ) ਦੇ ਪੈਰਾਂ ਦੇ ਨਿਸ਼ਾਨ ਦੇਖੇ ਹਨ ਅਤੇ ਇਸ ਨਾਲ ਹਿਮਾਲਿਆ ਵਿੱਚ ਯੇਤੀ ਦੇ ਹੋਣ ਦਾ ਪਤਾ ਲੱਗਦਾ ਹੈ। ਭਾਰਤੀ ਫੌਜ ਨੇ ਬੀਤੇ ਦਿਨ ਕਿਹਾ ਸੀ ਕਿ ਉਸ ਦੇ ਪਹਾੜ ਚੜ੍ਹਨ ਵਾਲੇ ਇੱਕ ਗਰੁੱਪ ਨੂੰ ਨੇਪਾਲ ਵੱਲੋਂ ਹਿਮਾਲਿਆ ਉਤੇ ਚੜ੍ਹਨ ਸਮੇਂ ਵੱਡੇ-ਵੱਡੇ ਪੈਰਾਂ ਦੇ ਨਿਸ਼ਾਨ ਦਿੱਸੇ ਸਨ। ਇਸ ਗਰੁੱਪ ਦੇ ਮੈਂਬਰਾਂ ਨੇ ਉਨ੍ਹਾਂ ਪੈਰਾਂ ਦੇ ਨਿਸ਼ਾਨਾਂ ਦੀਆਂ ਫੋਟੋ ਲਈਆਂ ਤੇ ਉਨ੍ਹਾਂ ਨੂੰ ਜਨਤਕ ਕੀਤਾ ਸੀ। ਪਹਿਲਾਂ ਵੀ ਹਿਮਾਲਿਆ ਅਤੇ ਦੁਨੀਆ ਦੇ ਹੋਰ ਬਰਫੀਲੇ ਪਹਾੜੀ ਸਥਾਨਾਂ ਉੱਤੇ ਬਰਫਾਨੀ ਮਾਨਵ ਦੇ ਵਜੂਦ ਦੇ ਕਿਆਸ ਲਗਾਏ ਜਾਂਦੇ ਰਹੇ ਹਨ। ਸਾਈਬੇਰੀਆ, ਮੱਧ ਅਤੇ ਪੂਰਬੀ ਏਸ਼ੀਆ 'ਚ ਹਿਮ ਮਾਨਵ ਦੇਖੇ ਜਾਣ ਦੇ ਦਾਅਵੇ ਕਈ ਵਾਰ ਕੀਤੇ ਗਏ ਹਨ। ਨੇਪਾਲ ਦੀਆਂ ਲੋਕ ਗਾਥਾਵਾਂ ਵਿੱਚ ਵੀ ਹਿਮ ਮਾਨਵ ਦੀ ਚਰਚਾ ਹੈ ਕਿ ਹਿਮ ਮਾਨਵ ਅਸਲ ਵਿੱਚ ਆਮ ਆਦਮੀ ਤੋਂ ਜ਼ਿਆਦਾ ਉਚੇ ਅਤੇ ਤਕੜੇ ਹੁੰਦੇ ਹਨ। ਬੀਤੇ ਨੌਂ ਅਪ੍ਰੈਲ ਨੂੰ ਹਿਮਾਲਿਆ ਉੱਤੇ ਭਾਰਤੀ ਸੈਨਾ ਦੇ ਪਹਾੜ ਚੜ੍ਹਨ ਵਾਲੇ ਇੱਕ ਗਰੁੱਪ ਨੂੰ ਮਕਾਲੂ ਬੇਸ ਕੈਂਪ ਕੋਲ 32 ਗੁਣਾ 15 ਇੰਚ ਲੰਬੇ ਚੌੜੇ ਵਿਸ਼ਾਲ ਪੈਰਾਂ ਵਾਲੇ ਨਿਸ਼ਾਨ ਦਿਖਾਈ ਦਿੱਤੇ ਤਾਂ ਉਨ੍ਹਾਂ ਨੇ ਇਸ ਦੇ ਫੋਟੋ ਲਏ ਸਨ। ਮਕਾਲੂ ਕੋਲ ਪਹਿਲਾਂ ਵੀ ਹਿਮ ਮਾਨਵ ਦੇਖੇ ਜਾਣ ਦੇ ਦਾਅਵੇ ਹੁੰਦੇ ਰਹੇ ਸਨ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
• 1 yr Home Warranty
• Appliances & Furniture
• 40% Discount on Brand Name
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP,
SUPER
-VISA,&
TRAVEL
Insurance
H.Randhawa
416-319-0551

MICHELIN · HANKOOK · Continental · ROADLUX · BFGoodrich · AEOLUS · COMPASAL · Chevron · Delo
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪਾਦਰੀ ਐਂਥਨੀ ਕੇਸ ਵਿਚ ਪੁਲਸੀਆਂ ਵੱਲੋਂ ਗਾਇਬ ਕੀਤੀ ਰਾਸ਼ੀ ਤੋਂ 2.10 ਕਰੋੜ ਰੁਪਏ ਹੋਰ ਬਰਾਮਦ

ਪਟਿਆਲਾ, 5 ਮਈ, (ਪੋਸਟ ਬਿਊਰੋ)- ਬੀਤੇ ਦਿਨੀਂ ਖੰਨਾ ਪੁਲਿਸ ਵੱਲੋਂ ਜਲੰਧਰ ਦੇ ਪਾਦਰੀ ਐਂਥਨੀ ਤੋਂ ਕਰੋੜਾਂ ਰੁਪਏ ਬਰਾਮਦ ਕਰਨ ਪਿੱਛੋਂ ਉਸ ਰਕਮ ਵਿੱਚੋਂ 6 ਕਰੋੜ ਰੁਪਏ ਸਮੇਤ ਗ਼ਾਇਬ ਹੋਏ ਦੋ ਏ ਐੱਸ ਆਈਜ਼ ਜੋਗਿੰਦਰ ਸਿੰਘ ਤੇ ਰਾਜਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਪਿੱਛੋਂ ਦੂਜੀ ਵੱਡੀ ਰਕਮ ਬਰਾਮਦ ਹੋ ਗਈ ਹੈ। ਇਸ ਤੋਂ ਪਹਿਲਾਂ 2 ਮਈ ਨੂੰ ਪੁਲਿਸ ਨੇ 2.38 ਕਰੋੜ ਰੁਪਏ ਬਰਾਮਦ ਕੀਤੇ ਸਨ ਤੇ ਦੋ ਦਿਨ ਬਾਅਦ ਜੋਗਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੇ ਘਰ ਨੇੜੇ ਖਾਲੀ ਪਲਾਟ ਵਿੱਚ ਦੱਬੀ 2.10 ਕਰੋੜ ਰੁਪਏ ਦੀ ਰਾਸ਼ੀ ਬਰਾਮਦ ਕਰ ਲਈ ਹੈ। ਇਹ ਰਕਮ ਖਾਲੀ ਪਲਾਟ ਵਿੱਚ ਬੈਗ ਵਿੱਚ ਪਾ ਕੇ ਦੱਬੀ ਹੋਈ ਸੀ। ਇਸ ਤੋਂ ਬਿਨਾ ਰੁਦਰਾਪੁਰ, ਉਤਰਾਖੰਡ ਦੇ ਗੁਰਪ੍ਰੀਤ ਸਿੰਘ ਤੋਂ ਪੁਲਿਸ ਨੇ ਇਕ ਲੱਖ 50 ਹਜ਼ਾਰ ਰੁਪਏ ਬਰਾਮਦ ਕੀਤੇ ਹਨ। ਅੱਜ ਤੱਕ ਪੁਲਿਸ ਨੇ 4 ਕਰੋੜ 49 ਲੱਖ 500 ਰੁਪਏ ਬਰਾਮਦ ਕਰ ਲਈ ਹੈ। ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਅੱਜ ਪੁਲਿਸ ਟੀਮ ਸਮੇਤ ਸਥਾਨਕ ਮਹਿੰਦਰਾ ਕਾਲੋਨੀ ਵਿਖੇ ਏ ਐੱਸ ਆਈ ਰਾਜਪ੍ਰੀਤ ਸਿੰਘ ਦੇ ਘਰ ਪੁੱਜੇ, ਜਿਸ ਦੇ ਨੇੜੇ ਇਕ ਕਰੋੜ 10 ਲੱਖ ਰੁਪਏ ਦੱਬੇ ਸਨ। ਫਿਰ ਏ ਐੱਸ ਆਈ ਜੋਗਿੰਦਰ ਸਿੰਘ ਦੇ ਘਰ ਨੇੜੇ ਪਲਾਟ ਵਿੱਚ ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਅਤੇ ਹੋਰ ਅਧਿਕਾਰੀ ਪੁੱਜੇ। ਕਰੀਬ ਦੋ ਵਜੇ ਤਕ ਪੁਲਿਸ ਨੇ ਪਲਾਟ ਦੀ ਜਾਂਚ ਕੀਤੀ ਅਤੇ ਏ ਐੱਸ ਆਈ ਜੋਗਿੰਦਰ ਸਿੰਘ ਦੇ ਘਰ ਤੋਂ ਸੌ ਮੀਟਰ ਦੂਰ ਪਲਾਟ ਦੀ ਮਿੱਟੀ ਨੂੰ ਪੁੱਟ ਕੇ ਦੇਖਿਆ। ਇਹ ਪਲਾਟ ਕਾਲੋਨੀ ਤੋਂ ਬਾਹਰ ਖੇਤਾਂ ਵੱਲ ਸੀ, ਜਿਸ ਕਾਰਨ ਕਿਸੇ ਦਾ ਆਉਣਾ ਜਾਣਾ ਨਹੀਂ ਸੀ।

ਵਰਨਣ ਯੋਗ ਹੈ ਕਿ ਪੁਲਸ ਨੇ 24 ਮਾਰਚ ਨੂੰ ਪਾਦਰੀ ਐਂਥਨੀ ਕੋਲੋਂ 9.66 ਕਰੋੜ ਰੁਪਏ ਫੜੇ ਜਾਣ ਦਾ ਦਾਅਵਾ ਕੀਤਾ ਸੀ। ਇਸ ਤੋਂ ਬਾਅਦ ਫਾਦਰ ਐਂਥਨੀ ਨੇ 6 ਕਰੋੜ ਦੀ ਰਾਸ਼ੀ ਪੁਲਿਸ ਵੱਲੋਂ ਗ਼ਾਇਬ ਕਰਨ ਦਾ ਦੋਸ਼ ਲਾਇਆ ਸੀ। ਇਸ ਵਾਰਦਾਤ ਪਿੱਛੋਂ ਪੰਜਾਬ ਪੁਲਿਸ ਦੇ ਦੋ ਏ ਐੱਸ ਆਈ ਜੋਗਿੰਦਰ ਸਿੰਘ ਤੇ ਰਾਜਪ੍ਰੀਤ ਸਿੰਘ ਗ਼ਾਇਬ ਹੋ ਗਏ ਸਨ, ਜਿਨ੍ਹਾਂ ਬਾਰੇ ਵਿਸ਼ੇਸ ਟੀਮ ਨੂੰ ਕੇਰਲ ਦੇ ਕੋਚੀ ਵਿੱਚ ਇਕ ਹੋਟਲ ਵਿੱਚ ਹੋਣ ਦਾ ਪਤਾ ਲੱਗਾ ਤਾਂ ਪੰਜਾਬ ਪੁਲਿਸ ਦੀ ਸੂਚਨਾ ਉੱਤੇ ਕੇਰਲ ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਦੋਵਾਂ ਦੀ ਗ੍ਰਿਫ਼ਤਾਰੀ ਪਿੱਛੋਂ ਮੂਣਕ ਦੇ ਵਾਸੀ ਦਵਿੰਦਰ ਸਿੰਘ ਕੋਲੋਂ 30 ਲੱਖ, ਪਟਿਆਲਾ ਦੇ ਮੁਹੰਮਦ ਸ਼ਕੀਲ ਕੋਲੋਂ 20 ਲੱਖ, ਸੁਰਿੰਦਰਪਾਲ ਸਿੰਘ ਕੋਲੋਂ 40 ਲੱਖ, ਹੌਲਦਾਰ ਅਮਰੀਕ ਸਿੰਘ ਤੋਂ 30 ਲੱਖ ਅਤੇ ਮਾਨਸਾ ਦੇ ਪਿੰਡ ਰਾਏਪੁਰ ਦੇ ਨਿਰਮਲ ਸਿੰਘ ਤੋਂ ਇਕ ਕਰੋੜ ਰੁਪਏ ਦੀ ਰਾਸ਼ੀ ਬਰਾਮਦ ਕੀਤੀ ਗਈ ਹੈ। ਅੱਜ ਬਰਾਮਦ ਕੀਤੀ ਗਈ ਇਹ ਰਾਸ਼ੀ ਇਸ ਤੋਂ ਵੱਖਰੀ ਹੈ।

# ਸੰਨੀ ਦਿਓਲ ਦੀਆਂ ਫ਼ਿਲਮਾਂ ਉੱਤੇ 19 ਮਈ ਤੱਕ ਚੋਣ ਕਮਿਸ਼ਨ ਨੇ ਰੋਕ ਲਾਈ

ਗੁਰਦਾਸਪੁਰ, 5 ਮਈ (ਪੋਸਟ ਬਿਊਰੋ)- ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਸੰਨੀ ਦਿਓਲ ਦੀਆਂ ਫ਼ਿਲਮਾਂ ਉੱਤੇ 19 ਮਈ ਤੱਕ ਚੋਣ ਕਮਿਸ਼ਨ ਨੇ ਰੋਕ ਲਾ ਦਿਤੀ ਹੈ। ਇਸ ਦੇ ਨਾਲ ਸੰਨੀ ਦੀਆਂ ਦੋ ਫ਼ਿਲਮਾਂ ਦੀ ਪ੍ਰੋਮੋਸ਼ਨ ਵੀ ਰੋਕੀ ਗਈ ਹੈ। ਸੰਨੀ ਦਿਓਲ ਦੀ ਫ਼ਿਲਮ 'ਬਲੈਕ' ਸਿਨੇਮਾ ਘਰਾਂ ਵਿਚ 3 ਮਈ ਨੂੰ ਰਿਲੀਜ਼ ਹੋਈ, ਪਰ ਉਸ ਦੇ ਬੇਟੇ ਕਰਨ ਦੀ ਪਹਿਲੀ ਫ਼ਿਲਮ 'ਪਲ ਪਲ ਦਿਲ ਕੇ ਪਾਸ' ਅਤੇ ਉਸ ਦੀ ਬਲੈਂਕ ਫ਼ਿਲਮ ਦੀ ਪ੍ਰੋਮੋਸ਼ਨ ਰੁਕ ਗਈ ਹੈ।



ਇਹੀ ਨਹੀਂ, ਚੋਣ ਕਮਿਸ਼ਨ ਨੇ ਸੰਨੀ ਨੂੰ ਇਕ ਹੋਰ ਹੁਕਮ ਜਾਰੀ ਕਰ ਕੇ ਝਟਕਾ ਦਿਤਾ ਹੈ। ਡੇਰਾ ਬਾਬਾ ਨਾਨਕ ਤੋਂ 2 ਮਈ ਨੂੰ ਪਠਾਨਕੋਟ ਤਕ ਕੱਢੇ ਰੋਡ ਸ਼ੋਅ ਵਿਚ ਜੁੜੇ ਇਕੱਠ ਨੂੰ ਵਾਰ-ਵਾਰ ਟੀ ਵੀ ਚੈਨਲਾਂ ਅਤੇ ਫੇਸਬੁੱਕ ਉੱਤੇ ਨਾਲੋ ਨਾਲ ਪੇਸ਼ ਕੀਤਾ ਗਿਆ ਸੀ। ਚੋਣ ਕਮਿਸ਼ਨ ਨੇ ਇਸ ਦਾ ਸਾਰਾ ਖ਼ਰਚ ਸੰਨੀ ਦਿਓਲ ਅਤੇ ਪਾਰਟੀ ਦੇ ਖ਼ਾਤੇ ਵਿੱਚ ਜੋੜਨ ਲਈ ਕਹਿ ਦਿੱਤਾ ਹੈ। ਚੋਣ ਕਮਿਸ਼ਨ ਦੇ ਹੁਕਮਾਂ ਮੁਤਾਬਕ ਕੇਬਲ ਆਪਰੇਟਰਾਂ ਤੇ ਸਿਨੇਮਾ ਘਰਾਂ ਵਿਚ ਸੰਨੀ ਦਿਓਲ ਦੀਆਂ ਫਿਲਮਾਂ ਵੀ ਇਸ ਦੌਰਾਨ ਨਹੀਂ ਵਿਖਾਈਆਂ ਜਾ ਸਕਣਗੀਆਂ।

ਅਸਲ ਵਿੱਚ ਕਾਂਗਰਸ ਦੇ ਅਮਿਤ ਸਿੰਘ ਮੰਟੂ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਕਿ ਸੰਨੀ ਦੇ ਰੋਡ ਸ਼ੋਅ ਵਿਚ ਉਸ ਦੀਆਂ ਫ਼ਿਲਮਾਂ ਦੇ ਗੀਤ ਤੇ ਵੀਡੀਓ ਚਲਾਈਆਂ ਜਾਂਦੀਆਂ ਹਨ ਤੇ ਕੇਬਲ ਆਪਰੇਟਰ ਟੀ ਵੀ ਉੱਤੇ ਉਸ ਦੀਆਂ ਫਿਲਮਾਂ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਨੀ ਦੀਆਂ ਫ਼ਿਲਮਾਂ ਦਾ ਸਿਆਸੀ ਲਾਭ ਲਿਆ ਜਾ ਰਿਹਾ ਹੈ, ਇਸ ਉੱਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਇਸ ਸ਼ਿਕਾਇਤ ਪਿੱਛੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਚੋਣ ਕਮਿਸ਼ਨਰ ਪਠਾਨਕੋਟ ਤੇ ਗੁਰਦਾਸਪੁਰ ਨੂੰ ਹਦਾਇਤਾਂ ਭੇਜੀਆਂ ਹਨ।

## ਤਿਵਾੜੀ ਖਿਲਾਫ ਇਤਰਾਜ਼ ਯੋਗ ਪ੍ਰਚਾਰ ਦੇ ਮਾਮਲੇ ਵਿੱਚ ਭਾਜਪਾ ਦਾ ਜ਼ਿਲਾ ਆਗੂ ਗ੍ਰਿਫਤਾਰ

ਰੂਪਨਗਰ, 5 ਮਈ (ਪੋਸਟ ਬਿਊਰੋ)- ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਮਨੀਸ਼ ਤਿਵਾੜੀ ਦੇ ਖਿਲਾਫ ਸੋਸ਼ਲ ਮੀਡੀਆ ਉੱਤੇ ਗੁੰਮਰਾਹਕੁੰਨ ਅਤੇ ਇਤਰਾਜ਼ ਯੋਗ ਪ੍ਰਚਾਰ ਕਰਨ ਉਤੇ ਰੂਪਨਗਰ ਸਿਟੀ ਪੁਲਸ ਨੇ ਭਾਜਪਾ ਦੇ ਜ਼ਿਲਾ ਉਪ ਪ੍ਰਧਾਨ ਨਰੇਸ਼ ਚਾਵਲਾ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸਬੰਧ ਵਿੱਚ ਮਨੀਸ਼ ਤਿਵਾੜੀ ਦੇ ਚੋਣ ਏਜੰਟ ਪਵਨ ਦੀਵਾਨ ਦੀ ਸ਼ਿਕਾਇਤ 'ਤੇ ਥਾਣਾ ਸਿਟੀ ਰੂਪਨਗਰ 'ਚ ਕੱਲ੍ਹ ਅਣਪਛਾਤੇ ਵਿਅਕਤੀਆਂ ਉੱਤੇ ਕੇਸ ਦਰਜ ਕੀਤਾ ਗਿਆ ਸੀ। ਕਾਂਗਰਸੀ ਉਮੀਦਵਾਰ ਮਨੀਸ਼ ਤਿਵਾੜੀ ਦੇ ਖਿਲਾਫ ਇਕ ਵਾਇਰਲ ਵੀਡੀਓ 'ਚ ਇਹ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਦੇ ਪਿਤਾ ਸਵਰਗੀ ਪ੍ਰੋ. ਵੀ ਐਨ ਤਿਵਾੜੀ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਸ਼ਾਮਲ ਸਨ ਤੇ ਸਿੱਖਾਂ ਨੂੰ ਸਾੜਨ ਲਈ ਉਨ੍ਹਾਂ ਦੇ ਪੰਪ ਤੋਂ ਪੈਟਰੋਲ ਦਿੱਤਾ ਗਿਆ ਸੀ, ਜਦ ਕਿ ਉਨ੍ਹਾਂ ਦੇ ਪਿਤਾ ਨੂੰ ਦੰਗਿਆਂ ਤੋਂ ਪਹਿਲਾਂ ਹੀ ਅਪ੍ਰੈਲ 1984 'ਚ ਕਤਲ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਕੋਲ ਦੇਸ਼ ਦੇ ਕਿਸੇ ਵੀ ਰਾਜ ਵਿੱਚ ਕੋਈ ਪੈਟਰੋਲ ਪੰਪ ਨਹੀਂ ਸੀ। ਮਨੀਸ਼ ਤਿਵਾੜੀ ਦਾ ਕਹਿਣਾ ਹੈ ਕਿ ਇਹ ਪ੍ਰਚਾਰ ਉਨ੍ਹਾਂ ਦਾ ਅਕਸ ਖਰਾਬ ਕਰਨ ਅਤੇ ਭਾਈਚਾਰਕ ਮਾਹੌਲ ਨੂੰ ਖਰਾਬ ਕਰਨ ਲਈ ਕੀਤਾ ਗਿਆ ਹੈ। ਇਸ ਸਬੰਧੀ ਐਸ ਐਸ ਪੀ ਰੂਪਨਗਰ ਸਵਪਨ ਸ਼ਰਮਾ ਨੇ ਕਿਹਾ ਕਿ ਉਕਤ ਵੀਡੀਓ ਕਰੀਬ 50 ਲੋਕਾਂ ਨੂੰ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਨਰੇਸ਼ ਚਾਵਲਾ ਤੋਂ ਬਿਨਾਂ ਛੇ ਹੋਰ ਲੋਕ ਇਸ ਮਾਮਲੇ ਵਿੱਚ ਸ਼ਾਮਲ ਹਨ, ਜਿਨ੍ਹਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਘਰ ਵਿੱਚ ਭੂਤ ਹੋਣ ਦਾ ਕਹਿ ਕੇ 23.5 ਲੱਖ ਰੁਪਏ ਠੱਗ ਲਏ

ਫਾਜ਼ਿਲਕਾ, 5 ਮਈ (ਪੋਸਟ ਬਿਊਰੋ)- ਜ਼ਿਲੇ ਦੇ ਪਿੰਡ ਤੇਜਾ ਰੁਹੇਲਾ ਵਿੱਚ ਇਕ ਬਾਬੇ ਨੇ ਪਹਿਲਾਂ ਇਕ ਪਰਵਾਰ ਨੂੰ ਘਰ ਵਿੱਚ ਸੋਨਾ ਦੱਬੇ ਹੋਣ ਦੀ ਗੱਲ ਕਹੀ ਅਤੇ ਫਿਰ ਘਰ ਵਿੱਚ ਭੂਤ ਪ੍ਰੇਤ ਹੋਣ ਦਾ ਡਰਾਵਾ ਦੇ ਕੇ ਆਪਣੇ ਸਾਥੀਆਂ ਨਾਲ ਮਿਲ ਕੇ ਉਕਤ ਵਿਅਕਤੀਆਂ ਨਾਲ 23.5 ਲੱਖ ਰੁਪਏ ਦੀ ਠੱਗੀ ਮਾਰ ਲਈ ਹੈ।

ਸਦਰ ਥਾਣਾ ਪੁਲਸ ਨੇ ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਦੇ ਬਿਆਨਾਂ 'ਤੇ ਚਾਰ ਔਰਤਾਂ ਸਮੇਤ 10 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਠੱਗਾਂ ਨੇ ਇਹ ਕੰਮ ਫਿਲਮੀ ਅੰਦਾਜ਼ 'ਚ ਕੀਤਾ ਹੈ। ਮੰਗਤ ਰਾਮ ਪਿੰਡ ਤੇਜਾ ਰੁਹੇਲਾ ਨੇ ਪੁਲਸ ਨੂੰ ਦੱਸਿਆ ਕਿ 2017 ਵਿੱਚ ਪਿੰਡ ਸਬਾਜ ਦੇ ਪ੍ਰਭਾਤ ਸਿੰਘ ਵਾਲਾ ਦਾ ਬਾਬਾ ਜਸਵਿੰਦਰ ਸਿੰਘ ਉਰਫ ਜੱਸਾ ਉਨ੍ਹਾਂ ਦੇ ਘਰ ਆਇਆ ਤੇ ਕਹਿਣ ਲੱਗਾ ਕਿ ਉਨ੍ਹਾਂ ਦੇ ਘਰ ਸੋਨਾ ਦੱਬਿਆ ਹੈ, ਜੇ ਉਨ੍ਹਾਂ ਨੇ ਛੇਤੀ ਸੋਨੇ ਨੂੰ ਬਾਹਰ ਨਾ ਕੱਢਿਆ ਤਾਂ ਉਨ੍ਹਾਂ ਦੀਆਂ ਦੋਵੇਂ ਲੜਕੀਆਂ ਦੀ ਮੌਤ ਹੋ ਜਾਵੇਗੀ। ਇਹ ਸੁਣ ਕੇ ਸਾਰਾ ਪਰਵਾਰ ਡਰ ਗਿਆ ਅਤੇ ਉਕਤ ਬਾਬੇ ਨੇ ਕਾਲੇ ਜਾਦੂ ਦੀ ਵਰਤੋਂ ਕੀਤੀ। ਕੁਝ ਦਿਨ ਪਿੱਛੋਂ ਪਿੰਡ ਜੋਧਾ ਭੈਣੀ ਦਾ ਵਿਕਰਮ ਸਿੰਘ, ਕ੍ਰਿਸ਼ਨਾ ਬਾਈ, ਜੱਟੂ ਸਿੰਘ, ਪਿੰਡ ਸਬਾਜ ਦੇ ਪ੍ਰਭਾਤ ਸਿੰਘ ਵਾਲਾ ਦੀ ਵਾਸੀ ਕੈਲਾਸ਼ ਰਾਣੀ, ਗੁਰਨੈਬ ਸਿੰਘ, ਗੁਰੂ ਹਰਸਹਾਏ ਤੋਂ ਪਾਲਾਂ ਬਾਈ, ਰਮੇਸ਼ ਸਿੰਘ, ਕਸ਼ਮੀਰਾ ਬਾਈ ਤੇ ਕਾਲਾ ਸਿੰਘ ਉਨ੍ਹਾਂ ਦੇ ਘਰ ਆਏ ਤੇ ਕਹਿਣ ਲੱਗੇ ਕਿ ਉਨ੍ਹਾਂ ਦੇ ਘਰ ਭੂਤ ਪ੍ਰੇਤ ਦਾ ਸਾਇਆ ਹੈ ਜਿਸ ਨੂੰ ਘਰੋਂ ਕੱਢਣ ਲਈ ਪੂਜਾ ਕਰਵਾਉਣੀ ਪਵੇਗੀ। ਡਰਿਆ ਹੋਇਆ ਪਰਵਾਰ ਠੱਗਾਂ ਦੀਆਂ ਗੱਲਾਂ 'ਚ ਆ ਗਿਆ। ਠੱਗਾਂ ਨੇ ਭੂਤ ਭਜਾਉਣ ਦੀ ਪੂਜਾ ਲਈ 12 ਲੱਖ ਦੀ ਕਸਤੂਰੀ ਮੰਗਵਾਈ ਅਤੇ ਪੂਜਾ ਕਰਕੇ ਚਲੇ ਗਏ। ਕੁਝ ਦਿਨ ਬਾਅਦ ਪੂਜਾ ਵਿੱਚ ਚੜ੍ਹਾਈ ਕਸਤੂਰੀ ਖਰਾਬ ਹੋਣ ਦਾ ਕਹਿ ਕੇ ਛੇ ਲੱਖ ਰੁਪਏ ਹੋਰ ਲੈ ਗਏ। ਇਸ ਪਿੱਛੋਂ ਉਨ੍ਹਾਂ ਨਕਲੀ ਪੁਲਸ ਲਿਆ ਕੇ ਇਸ ਪਰਵਾਰ ਤੋਂ ਸਾਢੇ ਪੰਜ ਲੱਖ ਰੁਪਏ ਠੱਗ ਲਏ।

# ਫਰੀਦਕੋਟ ਅਗਵਾ ਕਾਂਡ 'ਚ ਸਜ਼ਾ ਦੇ ਖਿਲਾਫ ਨਿਸ਼ਾਨ ਸਿੰਘ ਸੁਪਰੀਮ ਕੋਰਟ ਜਾ ਪੁੱਜਾ

ਫਰੀਦਕੋਟ, 5 ਮਈ (ਪੋਸਟ ਬਿਊਰੋ)- ਸਾਲ 2012 ਵਿੱਚ ਫਰੀਦਕੋਟ ਵਿੱਚ ਵਾਪਰੇ ਬਹੁ ਚਰਚਿਤ ਅਗਵਾ ਕਾਂਡ ਦੇ ਕੇਸ ਦੇ ਮੁੱਖ ਦੋਸ਼ੀ ਨਿਸ਼ਾਨ ਸਿੰਘ ਨੇ ਆਪਣੇ ਖਿਲਾਫ ਉਮਰ ਕੈਦ ਦੀ ਸਜ਼ਾ ਤੇ ਪੀੜਤ ਪਰਵਾਰ ਨੂੰ 90 ਲੱਖ ਰੁਪਏ ਦੀ ਮੁਆਵਜ਼ਾ ਰਕਮ ਦੇਣ ਦੇ ਹੁਕਮ ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਹੈ। ਸੁਪਰੀਮ ਕੋਰਟ ਨੇ ਉਸ ਦੀ ਵਿਸ਼ੇਸ਼ ਅਪੀਲ ਦੀ ਸੁਣਵਾਈ ਕਰਦਿਆਂ ਕਿਸੇ ਵੀ ਤਰ੍ਹਾਂ ਦੀ ਰਾਹਤ ਦੇਣ ਤੋਂ ਪਹਿਲਾਂ ਪੀੜਤ ਪਰਵਾਰ ਨੂੰ ਸੁਣਨ ਦਾ ਫੈਸਲਾ ਕੀਤਾ ਹੈ। ਪੀੜਤ ਪਰਵਾਰ ਨੂੰ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕੀਤਾ ਹੈ।



ਵਰਨਣ ਯੋਗ ਹੈ ਕਿ 2012 ਵਿੱਚ ਨਿਸ਼ਾਨ ਸਿੰਘ ਨੇ ਫਰੀਦਕੋਟ ਦੀ ਨਾਬਾਲਗ ਲੜਕੀ ਨੂੰ ਹਥਿਆਰਬੰਦ ਸਾਥੀਆਂ ਦੀ ਮਦਦ ਨਾਲ ਅਗਵਾ ਕਰ ਲਿਆ ਸੀ। ਪੀੜਤ ਲੜਕੀ ਦੇ ਮਾਪਿਆਂ ਨੇ ਜਦੋਂ ਲੜਕੀ ਨੂੰ ਬਚਾਉਣਾ ਚਾਹਿਆ ਤਾਂ ਨਿਸ਼ਾਨ ਸਿੰਘ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਸੀ। ਇਸ ਕੇਸ 'ਚ ਸੈਸ਼ਨ ਜੱਜ ਨੇ ਨਿਸ਼ਾਨ ਸਿੰਘ ਨੂੰ ਜੁਲਾਈ 2013 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਕ ਹੋਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਨਿਸ਼ਾਨ ਸਿੰਘ ਤੇ ਉਸ ਦੀ ਮਾਂ ਨਵਜੋਤ ਕੌਰ ਨੂੰ ਆਦੇਸ਼ ਦਿੱਤੇ ਸਨ ਕਿ ਉਹ ਪੀੜਤ ਲੜਕੀ ਤੇ ਉਸ ਦੇ ਮਾਪਿਆਂ ਨੂੰ ਮੁਆਵਜ਼ੇ ਵਜੋਂ 90 ਲੱਖ ਰੁਪਏ ਦੇਣ। ਹਾਈ ਕੋਰਟ ਦੇ ਆਦੇਸ਼ਾਂ 'ਤੇ ਜ਼ਿਲਾ ਪ੍ਰਸ਼ਾਸਨ ਨੇ ਨਿਸ਼ਾਨ ਸਿੰਘ ਦੀ ਫਰੀਦਕੋਟ ਦਿਹਾਤੀ ਖੇਤਰ ਵਿੱਚ ਪਈ ਚਾਰ ਏਕੜ ਜ਼ਮੀਨ ਨੂੰ 91 ਲੱਖ ਰੁਪਏ ਵਿੱਚ ਵੇਚ ਕੇ 90 ਲੱਖ ਰੁਪਏ ਪੀੜਤ ਪਰਵਾਰ ਨੂੰ ਮੁਆਵਜ਼ੇ ਵਜੋਂ ਅਦਾ ਕਰ ਦਿੱਤੇ ਹਨ। ਨਿਸ਼ਾਨ ਸਿੰਘ ਨੇ ਆਪਣੀ ਅਪੀਲ ਵਿੱਚ ਕਿਹਾ ਹੈ ਕਿ ਉਸ ਨੂੰ ਕੇਸ ਵਿੱਚ ਸਾਜ਼ਿਸ਼ ਹੇਠ ਝੂਠਾ ਫਸਾਇਆ ਗਿਆ ਹੈ। ਨਿਸ਼ਾਨ ਸਿੰਘ ਅਤੇ ਉਸ ਦੀ ਮਾਂ ਨੇ ਮੁਆਵਜ਼ੇ ਅਤੇ ਸਜ਼ਾ ਵਾਲੇ ਹੁਕਮ ਨੂੰ ਚੁਣੌਤੀ ਦਿੰਦਿਆਂ ਦੋਵੇਂ ਹੁਕਮ ਰੱਦ ਕਰਨ ਦੀ ਮੰਗ ਕੀਤੀ ਹੈ। ਸੁਪਰੀਮ ਕੋਰਟ 28 ਮਈ ਨੂੰ ਇਸ ਮਾਮਲੇ ਵਿੱਚ ਅਗਲੀ ਸੁਣਵਾਈ ਕਰੇਗੀ।

# ਸਾਬਕਾ ਭਾਜਪਾ ਵਿਧਾਇਕ ਨੰਨੂ ਦੀ ਗ੍ਰਿਫਤਾਰੀ ਲਈ ਲੁਕ ਆਊਟ ਸਰਕੂਲਰ ਜਾਰੀ

ਫਿਰੋਜ਼ਪੁਰ, 5 ਮਈ (ਪੋਸਟ ਬਿਊਰੋ)- ਇਕ ਹਫਤਾ ਪਹਿਲਾਂ ਆਪਣੇ ਘਰੋਂ ਅੱਧੀ ਰਾਤ ਨੂੰ ਲਾਪਤਾ ਹੋਈ ਨਵ ਵਿਆਹੁਤਾ ਨਵਪ੍ਰੀਤ ਕੌਰ ਦਾ ਅਜੇ ਤੱਕ ਕੋਈ ਪਤਾ ਨਹੀਂ ਚੱਲ ਸਕਿਆ। ਪੁਲਸ ਨੇ ਬੇਸ਼ੱਕ ਇਸ ਅਗਵਾ ਦੇ ਮਾਮਲੇ ਵਿੱਚ ਭਾਜਪਾ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਦੇ ਵਿਰੁੱਧ ਕੇਸ ਦਰਜ ਕਰਕੇ ਛਾਪੇਮਾਰੀ ਤੇਜ਼ ਕਰ ਦਿੱਤੀ ਹੈ, ਪਰ ਅਜੇ ਪੁਲਸ ਨਾ ਤਾਂ ਲੜਕੀ ਦੀ ਭਾਲ ਕਰ ਸਕੀ ਹੈ ਅਤੇ ਨਾ ਸਾਬਕਾ ਵਿਧਾਇਕ ਨੰਨੂ ਪੁਲਸ ਦੇ ਹੱਥੇ ਚੜ੍ਹਿਆ ਹੈ।

ਡੀ ਐਸ ਪੀ ਸੁਰਿੰਦਰ ਬਾਂਸਲ ਨੇ ਦੱਸਿਆ ਕਿ ਸੁਖਪਾਲ ਸਿੰਘ ਨੰਨੂ ਦੇਸ਼ ਛੱਡ ਕੇ ਵਿਦੇਸ਼ ਨਾ ਖਿਸਕ ਜਾਵੇ, ਇਸ ਲਈ ਲੁਕ ਆਊਟ ਸਰਕੂਲਰ ਜਾਰੀ ਕਰਕੇ ਦੇਸ਼ ਦੇ ਸਾਰੇ ਏਅਰਪੋਰਟਸ ਨੂੰ ਸੂਚਿਤ ਕਰ ਦਿੱਤਾ ਗਿਆ ਅਤੇ ਨੰਨੂ ਦੀ ਫੋਟੋ ਵੀ ਜਾਰੀ ਕਰ ਦਿੱਤੀ ਗਈ ਹੈ। ਬਾਂਸਲ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਕੁਝ ਲੋਕ ਸ਼ਿਕਾਇਤ ਕਰਤਾ ਨੂੰ ਧਮਕੀਆਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਸਾਨੂੰ ਕੋਈ ਸ਼ਿਕਾਇਤ ਮਿਲੇਗੀ ਤਾਂ ਧਮਕੀਆਂ ਦੇਣ ਵਾਲੇ ਦੇ ਖਿਲਾਫ ਕਾਰਵਾਈ ਕਰ ਕੇ ਉਸ ਨੂੰ ਸੀਖਾਂ ਪਿੱਛੇ ਭੇਜਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪੁਲਸ ਇਸ ਕੇਸ ਵਿੱਚ ਕਾਨੂੰਨ ਅਨੁਸਾਰ ਕੰਮ ਕਰ ਰਹੀ ਹੈ ਅਤੇ ਜਲਦੀ ਅਗਵਾ ਹੋਈ ਲੜਕੀ ਦਾ ਪਤਾ ਲਾਉਣ ਦੇ ਨਾਲ ਅਗਵਾਕਾਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਬੈਂਕਾਂ ਦੇ ਇੱਕ ਹੋਰ ਰਲੇਵੇਂ ਲਈ ਕਾਰਵਾਈ ਸ਼ੁਰੂ ਹੋਣ ਲੱਗੀ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਬੈਂਕ ਆਫ ਬੜੌਦਾ ਵਿੱਚ ਵਿਜੇ ਬੈਂਕ ਅਤੇ ਦੇਨਾ ਬੈਂਕ ਦਾ ਰਲੇਵਾਂ ਕਰਨ ਨਾਲ ਬੱਡੀ ਬੈਂਕਾਂ ਦੇ ਬਣਾਉਣ ਦੀ ਪ੍ਰਕਿਰਿਆ 'ਚ ਅਗਲਾ ਕਦਮ ਨਵੀਂ ਸਰਕਾਰ ਦੇ ਬਣਨ ਪਿੱਛੋਂ ਛੇਤੀ ਹੀ ਸ਼ੁਰੂ ਹੋ ਸਕਦਾ ਹੈ। ਵਿੱਤ ਮੰਤਰਾਲਾ ਨੇ ਇਸ ਮਾਮਲੇ ਵਿੱਚ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

ਦੱਸਿਆ ਜਾ ਰਿਹਾ ਹੈ ਕਿ ਅਗਲੇ ਗੇੜ ਵਿੱਚ ਪੰਜਾਬ ਨੈਸ਼ਨਲ ਬੈਂਕ ਨਾਲ ਯੂਨੀਅਨ ਬੈਂਕ ਤੇ ਬੈਂਕ ਆਫ ਇੰਡੀਆ ਦੇ ਰਲੇਵੇਂ ਵਾਲੇ ਮਤੇ ਉੱਤੇ ਵਿਚਾਰ ਹੋ ਸਕਦੀ ਹੈ। ਕੇਂਦਰ ਸਰਕਾਰ ਨੇ ਅਕਤੂਬਰ 2018 ਵਿੱਚ ਬੈਂਕ ਆਫ ਬੜੌਦਾ ਵਿੱਚ ਦੋ ਛੋਟੇ ਬੈਂਕਾਂ ਦੇ ਰਲੇਵੇਂ ਨਾਲ ਮਹਾ-ਬੈਂਕ ਬਣਾਉਣ ਦੀ ਸ਼ੁਰੂਆਤ ਕੀਤੀ ਸੀ। ਵਿੱਤ ਮੰਤਰਾਲਾ ਦੇ ਸੂਤਰ ਦੱਸਦੇ ਹਨ ਕਿ ਨਵੀਂ ਸਰਕਾਰ ਲਈ ਏਜੰਡਾ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਇਹ ਵਿਚਾਰ ਸਾਹਮਣੇ ਆਇਆ ਹੈ। ਵਿੱਤ ਮੰਤਰਾਲਾ ਬੈਂਕਾਂ ਨੂੰ ਬੁਲਾ ਕੇ ਜਲਦੀ ਹੀ ਇਸ ਉਤੇ ਵਿਚਾਰ ਸ਼ੁਰੂ ਕਰੇਗਾ। ਇਸ ਲਈ ਪੀ ਐੱਨ ਬੀ, ਯੂਨੀਅਨ ਬੈਂਕ ਅਤੇ ਬੀ ਓ ਆਈ ਨੂੰ ਬੁਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜੇ ਇਹ ਬੈਂਕ ਸਹਿਮਤ ਹੋ ਜਾਣ ਤਾਂ ਨਵੀਂ ਸਰਕਾਰ ਦੇ ਗਠਨ ਤੱਕ ਇਸ ਦਾ ਮਤਾ ਤਿਆਰ ਹੋ ਜਾਵੇਗਾ। ਸੂਤਰਾਂ ਮੁਤਾਬਕ ਜੇ ਸਭ ਕੁਝ ਠੀਕ ਰਿਹਾ ਤਾਂ ਚਾਲੂ ਸਾਲ ਦੀ ਦੂਜੀ ਛਿਮਾਹੀ ਵਿੱਚ ਅਗਲੇ ਰਾਊਂਡ ਦੇ ਰਲੇਵੇਂ ਉੱਤੇ ਅਮਲ ਹੋ ਸਕਦਾ ਹੈ। ਇਹ ਰਲੇਵਾਂ ਕਿਹੋ ਜਿਹਾ ਹੋਵੇਗਾ, ਵਿੱਤ ਮੰਤਰਾਲਾ ਦੇ ਅਧਿਕਾਰੀ ਇਸ ਬਾਰੇ ਵਿਚਾਰ ਕਰ ਰਹੇ ਹਨ। ਇੱਕ ਅਧਿਕਾਰੀ ਮੁਤਾਬਕ ਇਹ ਜ਼ਰੂਰੀ ਨਹੀਂ ਹੈ ਕਿ ਇਸ ਵਾਰ ਪਹਿਲਾਂ ਵਾਂਗ ਤਿੰਨ ਪੱਖੀ ਰਲੇਵਾਂ ਹੋਵੇ। ਇਸ ਤੋਂ ਪਹਿਲਾਂ ਬਦਲਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
• Homely Environment
• Biweekly payment
• ਵਧੀਆ ਤਨਖ਼ਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ....Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678


MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਮੈਂ ਅਤੇ ਸਲਮਾਨ ਕੰਮ ਨੂੰ ਲੈਂਦੇ ਹਾਂ ਸੀਰੀਅਸਲੀ : ਕੈਟਰੀਨਾ

ਬਾਲੀਵੁੱਡ ਦੀ ਬਾਰਬੀ ਗਰਲ ਕੈਟਰੀਨਾ ਕੈਫ ਦਾ ਕਹਿਣਾ ਹੈ ਕਿ ਉਹ ਅਤੇ ਸਲਮਾਨ ਖਾਨ ਕੰਮ ਨੂੰ ਹਮੇਸ਼ਾ ਸੀਰੀਅਸਲੀ ਲੈਂਦੇ ਹਨ। ਕੈਟਰੀਨਾ ਇਨ੍ਹੀਂ ਦਿਨੀਂ ਸਲਮਾਨ ਨਾਲ ਫਿਲਮ 'ਭਾਰਤ' ਵਿੱਚ ਕੰਮ ਕਰ ਰਹੀ ਹੈ। ਫਿਲਮ ਦਾ ਟ੍ਰੇਲਰ ਜਾਰੀ ਕੀਤਾ ਜਾ ਚੁੱਕਾ ਹੈ, ਜਿਸ ਨੂੰ ਲੋਕਾਂ ਨੇ ਕਾਫੀ ਪਸੰਦ ਕੀਤਾ ਹੈ।
ਕੈਟਰੀਨਾ ਨੇ ਕਿਹਾ, ''ਅਸੀਂ ਦੋਵੇਂ ਕੰਮ ਦੀ ਮਹੱਤਤਾ ਨੂੰ ਸਮਝਦੇ ਹਾਂ ਅਤੇ ਜਦੋਂ ਮੈਂ ਅਤੇ ਸਲਮਾਨ ਇਕੱਠੇ ਕੰਮ ਕਰਦੇ ਹਾਂ ਤਾਂ ਸਾਡੀ ਸਭ ਤੋਂ ਚੰਗੀ ਗੱਲ ਇਹ ਹੁੰਦੀ ਹੈ ਕਿ ਅਸੀਂ ਕੰਮ ਦੀ ਮਹੱਤਤਾ ਨੂੰ ਸਮਝਦੇ ਹਾਂ ਅਤੇ ਹਮੇਸ਼ਾ ਸੀਰੀਅਸਲੀ ਲੈਂਦੇ ਹਾਂ। ਕੰਮ ਦੌਰਾਨ 'ਦੇਖਦੇ ਹਾਂ' ਵਾਲੀ ਸਥਿਤੀ ਬਿਲਕੁਲ ਨਹੀਂ ਹੁੰਦੀ। ਸਲਮਾਨ ਜਾਣਦਾ ਹੈ ਕਿ ਮੈਂ ਕਿਰਦਾਰ ਅਤੇ ਫਿਲਮ ਨੂੰ ਲੈ ਕੇ ਆਪਣਾ ਇੱਕ ਹਜ਼ਾਰ ਫੀਸਦੀ ਦਿੰਦੀ ਹਾਂ। ਇਸ ਗੱਲ ਨੂੰ ਲੈ ਕੇ ਉਸ ਨੂੰ ਮੇਰੇ 'ਤੇ ਪੂਰਾ ਭਰੋਸਾ ਰਹਿੰਦਾ ਹੈ। ਅਸੀਂ ਸੈਟ 'ਤੇ ਆਉਂਦੇ ਹਾਂ। ਪਹਿਲਾਂ ਰਿਹਰਸਲ ਕਰਦੇ ਹਾਂ ਅਤੇ ਫਿਰ ਸੀਨ ਸ਼ੂਟ ਕਰਦੇ ਹਾਂ। ਜਦੋਂ ਅਸੀਂ ਕੰਮ 'ਤੇ ਆਉਂਦੇ ਹਾਂ ਤਾਂ ਇਸ ਦੌਰਾਨ ਸਾਡਾ ਇੱਕ ਹੀ ਮਾਈਂਡਸੈਟ ਹੁੰਦਾ ਹੈ। ਸਲਮਾਨ ਕਿਸੇ ਵੀ ਕੰਮ ਨੂੰ ਲੈ ਕੇ ਕੋਈ ਕਸਰ ਨਹੀਂ ਛੱਡਦਾ।''



# ਅਸਮਾਨ ਤੋਂ ਕੁੱਦੀ ਨੁਸਰਤ ਭਰੂਚਾ

ਹਾਲ ਹੀ ਵਿੱਚ ਨੁਸਰਤ ਭਰੂਚਾ ਛੁੱਟੀਆਂ ਮਨਾਉਣ ਲਈ ਆਸਟਰੇਲੀਆ ਗਈ ਸੀ। ਉਥੇ ਹੀ ਉਸ ਨੇ ਸਕਾਈ ਡਾਈਵਿੰਗ ਦੀ ਆਪਣੀ ਇੱਛਾ ਵੀ ਪੂਰੀ ਕੀਤੀ। ਪਿਛਲੀ ਵਾਰ ਲਵ ਰੰਜਨ ਦੀ ਫਿਲਮ 'ਸੋਨੂੰ ਕੇ ਟੀਟੂ ਕੀ ਸਵੀਟੀ' ਵਿੱਚ ਨਜ਼ਰ ਆਈ ਨੁਸਰਤ ਆਪਣੇ ਮਾਤਾ-ਪਿਤਾ ਨਾਲ ਆਸਟਰੇਲੀਆ ਵਿੱਚ ਛੁੱਟੀਆਂ ਮਨਾਉਣ ਗਈ ਸੀ। ਉਥੇ ਉਨ੍ਹਾਂ ਤਿੰਨਾਂ ਨੇ ਨੁਸਰਤ ਦੇ ਭਰਾ-ਭਰਜਾਈ ਅਤੇ ਤਿੰਨ ਸਾਲਾ ਭਤੀਜੀ ਨਾਲ ਸਮਾਂ ਬਿਤਾਇਆ। ਨੁਸਰਤ ਨੇ ਕਿਹਾ ਕਿ ਉਹ ਕੁਝ ਸਮੇਂ ਤੋਂ ਆਸਟਰੇਲੀਆ ਦੀ ਯਾਤਰਾ ਕਰਨ ਬਾਰੇ ਸੋਚ ਰਹੀ ਸੀ। ਉਸ ਨੇ ਕਿਹਾ, ''ਆਖਰ ਭਗਵਾਨ ਨੇ ਮੇਰੀ ਸੁਣ ਲਈ ਤੇ ਮੇਰਾ ਭਰਾ ਇਥੇ ਹੀ ਰਹਿਣ ਲੱਗਾ ਤਾਂ ਮੈਂ ਅਕਸਰ ਇਥੇ ਆ ਕੇ ਉਨ੍ਹਾਂ ਨਾਲ ਸਮਾਂ ਬਿਤਾ ਸਕਦੀ ਹਾਂ।''
ਨੁਸਰਤ ਦੀ ਲੰਬੇ ਸਮੇਂ ਤੋਂ ਇੱਛਾ ਸੀ ਕਿ ਉਹ ਅਸਮਾਨੀ ਉਚਾਈਆਂ ਤੋਂ ਕੁੱਦ ਕੇ ਰੋਮਾਂਚਕ ਗਤੀਵਿਧੀ 'ਸਕਾਈ ਡਾਈਵਿੰਗ ਦਾ ਅਨੁਭਵ ਕਰੇ। ਉਸ ਦੀ ਇਹ ਇੱਛਾ ਆਸਟਰੇਲੀਆ ਵਿੱਚ ਪੂਰੀ ਹੋਈ, ਜਦੋਂ ਉਸ ਨੇ 15,000 ਫੁੱਟ ਦੀ ਉਚਾਈ ਤੋਂ ਪੈਰਾਸ਼ੂਟ ਬੰਨ੍ਹ ਕੇ ਛਲਾਂਗ ਲਾਈ। ਉਸ ਨੇ ਇੱਕ ਤਜਰਬੇਕਾਰ ਟਰੇਨਰ ਦੀ ਨਿਗਰਾਨੀ ਅਤੇ ਸਹਾਇਤਾ ਨਾਲ ਆਪਣੀ ਇਹ ਖਵਾਹਿਸ਼ ਪੂਰੀ ਕੀਤੀ। ਜਹਾਜ਼ ਤੋਂ ਕੁੱਦਣ ਤੋਂ ਪਹਿਲਾਂ ਉਸ ਨੇ ਹੇਠਾਂ ਦੇਖਿਆ ਤਾਂ ਉਹ ਬਹੁਤ ਘਬਰਾ ਗਈ ਅਤੇ ਕੁਝ ਪਲਾਂ ਲਈ ਜਿਵੇਂ ਉਸ ਦੀ ਹੋਸ਼ ਗੁੰਮ ਹੋ ਗਈ ਸੀ। ਉਸ ਨੇ ਕਿਹਾ, 'ਮੇਰੇ ਨਾਲ ਮੌਜੂਦ ਟਰੇਨਰ ਮੈਨੂੰ ਲਗਾਤਾਰ ਕਹਿ ਰਹੇ ਸਨ ਕਿ ਮੈਂ ਡਰ ਨੂੰ ਮਨ 'ਚੋਂ ਕੱਢ ਦਿਆਂ, ਫਿਰ ਵੀ ਕੁੱਦਣ ਤੋਂ ਬਾਅਦ ਜਦੋਂ ਤੱਕ ਪੈਰਾਸ਼ੂਟ ਖੁੱਲ੍ਹ ਨਹੀਂ ਗਿਆ, ਮੈਂ ਡਰੀ ਹੋਈ ਸੀ ਅਤੇ ਲੰਬਾ ਸਾਹ ਭਰ ਕੇ ਖੁਦ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ। ਮੇਰਾ ਇਹ ਤਜਰਬਾ ਬਹੁਤ ਰੋਮਾਂਚਕ ਸੀ। ਇੰਝ ਲੱਗਦਾ ਸੀ ਕਿ ਮੈਂ ਸਮੁੰਦਰ ਤੇ ਤੱਟ ਦੇ ਉਪਰੋਂ ਉਡ ਰਹੀ ਹਾਂ। ਕਮਾਲ ਦਾ ਨਜ਼ਾਰਾ ਸੀ। ਅਜਿਹਾ ਲੱਗ ਰਿਹਾ ਸੀ ਕਿ ਮੈਂ ਅਸਲ ਵਿੱਚ ਉਡ ਰਹੀ ਹਾਂ।'' ਆਸਟਰੇਲੀਆ ਤੋਂ ਵਾਪਸ ਮੁੜਦਿਆਂ ਹੀ ਉਸ ਨੇ ਫਿਲਮ 'ਡ੍ਰੀਮ ਗਰਲ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਬਾਅਦ ਉਸ ਨੇ 'ਤੁੱਰਮ ਖਾਨ' ਦੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਲਈ ਦਿੱਲੀ ਰਵਾਨਾ ਹੋਣਾ ਹੈ। ਆਪਣੇ ਬਿਜ਼ੀ ਸ਼ਡਿਊਲ ਬਾਰੇ ਉਸ ਨੇ ਕਿਹਾ, ''ਮੈਨੂੰ ਨਹੀਂ ਲੱਗਦਾ ਕਿ ਆਉਣ ਵਾਲੇ ਕੁਝ ਮਹੀਨਿਆਂ ਦੌਰਾਨ ਮੈਨੂੰ ਜ਼ਿਆਦਾ ਲੰਬੀ ਬ੍ਰੇਕ ਮਿਲਣ ਵਾਲੀ ਹੈ।''



# ਉਨ੍ਹਾਂ ਨੂੰ ਪਹਿਲਾਂ ਹੀ ਨਾਂਹ ਹੈ : ਮਾਧੁਰੀ ਦੀਕਸ਼ਿਤ

ਆਪਣੇ ਦੌਰ ਵਿੱਚ ਬਾਲੀਵੁੱਡ 'ਤੇ ਰਾਜ਼ ਕਰ ਚੁੱਕੀ ਮਾਧੁਰੀ ਦੀਕਸ਼ਿਤ ਵੱਖ-ਵੱਖ ਕਹਾਣੀਆਂ ਵਿੱਚ ਨਜ਼ਰ ਆ ਰਹੀ ਹੈ। ਇਸ ਦੇ ਨਾਲ ਬਤੌਰ ਪ੍ਰੋਡਿਊਸਰ ਵੱਖ ਤਰ੍ਹਾਂ ਦੀਆਂ ਕਹਾਣੀਆਂ ਨੂੰ ਸਪੋਰਟ ਕਰ ਰਹੀ ਹੈ। ਹਾਲ ਹੀ ਵਿੱਚ ਉਨ੍ਹਾਂ ਦੀ ਫਿਲਮ 'ਕਲੰਕ' ਰਿਲੀਜ਼ ਹੋਈ ਹੈ। ਮਾਧੁਰੀ ਦੀਕਸ਼ਿਤ ਨੂੰ ਸੁਚਿੱਤਰਾ ਸੇਨ ਦੀ ਬਾਇਓਪਿਕ ਲਈ ਅਪਰੋਚ ਕੀਤਾ ਗਿਆ। ਪੇਸ਼ ਹਨ ਮਾਧੁਰੀ ਨਾਲ ਇਸੇ ਸਿਲਸਿਲੇ ਵਿੱਚ ਹੋਈ ਗੱਲਬਾਤ ਦੇ ਕੁਝ ਅੰਸ਼ :

* ਕਿਹਾ ਜਾਂਦਾ ਹੈ ਕਿ ਤੁਹਾਨੂੰ ਸੁਚਿੱਤਰਾ ਸੇਨ ਦੀ ਬਾਇਓਪਿਕ ਲਈ ਅਪਰੋਚ ਕੀਤਾ ਗਿਆ ਹੈ।

- ਸੁਚਿੱਤਰਾ ਜੀ ਦੀ ਸ਼ਖਸੀਅਤ ਬੜੀ ਆਕਰਸ਼ਕ ਰਹੀ ਸੀ। ਮੈਨੂੰ ਉਨ੍ਹਾਂ ਦੀ ਫਿਲਮ 'ਆਂਧੀ' ਬਹੁਤ ਪਸੰਦ ਆਈ ਸੀ। ਲੋਕਾਂ ਨੇ ਮੈਨੂੰ ਉਨ੍ਹਾਂ ਦੀ ਬਾਇਓਪਿਕ ਕਰਨ ਲਈ ਕਿਹਾ, ਪਰ ਮੈਂ ਕਰ ਨਹੀਂ ਸਕਾਂਗੀ।

* ਆਲੀਆ ਤੁਹਾਡੀ ਬਾਇਓਪਿਕ ਕਰੇ, ਅਜਿਹਾ ਕਿਉਂ ਚਾਹੁੰਦੇ ਹੋ ਤੁਸੀਂ?

- ਜੇ ਮੇਰੀ ਬਾਇਓਪਿਕ ਬਣਦੀ ਹੈ ਤਾਂ ਆਲੀਆ ਨੂੰ ਹੀ ਮੇਰਾ ਰੋਲ ਕਰਨਾ ਚਾਹੀਦਾ ਹੈ। ਹਾਂ, ਇਸ ਦੇ ਲਈ ਉਸ ਨੂੰ ਥੋੜ੍ਹਾ ਕਥਕ ਸਿੱਖਣਾ ਪਵੇਗਾ। ਉਹ ਬਿਹਤਰੀਨ ਅਦਾਕਾਰਾ ਹੈ। 'ਹਾਈਵੇ', 'ਗਲੀ ਬੁਆਏ' ਅਤੇ 'ਰਾਜ਼ੀ' ਵਰਗੀਆਂ ਫਿਲਮਾਂ ਵਿੱਚ ਉਹ ਬਹੁਤ ਬਿਹਤਰੀਨ ਪ੍ਰਫਾਰਮਾਂਸ ਦੇ ਚੁੱਕੀ ਹੈ। ਜੇ ਉਹ ਮੇਰੀ ਬਾਇਓਪਿਕ ਕਰੇਗੀ ਤਾਂ ਮਜ਼ਾ ਆ ਜਾਏਗਾ।

* ਤੁਹਾਡੇ ਕਰੀਅਰ ਦੀਆਂ ਪੰਜ ਅਜਿਹੀਆਂ ਫਿਲਮਾਂ ਕਿਹੜੀਆਂ ਰਹੀਆਂ, ਜਿਨ੍ਹਾਂ ਨੂੰ ਕਰਨ ਵਿੱਚ ਤੁਹਾਨੂੰ ਸਖਤ ਮਿਹਨਤ ਕਰਨੀ ਪਈ?

- ਸਭ ਤੋਂ ਪਹਿਲਾਂ 'ਤੇਜ਼ਾਬ'। ਉਹ ਮੇਰੀ ਪਹਿਲੀ ਵੱਡੀ ਕਮਰਸ਼ਲ ਫਿਲਮ ਸੀ। 'ਹਮ ਆਪ ਕੇ ਹੈਂ ਕੌਨ' ਕਮਾਲ ਦੀ ਸੀ। 'ਪੁਕਾਰ' ਵੀ ਚੰਗੀ ਸੀ। 'ਬੇਟਾ' ਵੀ ਮਾਈਲ ਸਟੋਨ ਫਿਲਮ ਸੀ।

* ਆਪਣੀ ਜ਼ਿੰਦਗੀ ਵਿੱਚ ਅਜਿਹੇ ਕਿਹੜੇ ਫੈਸਲੇ ਲਏ ਹਨ, ਜਿਨ੍ਹਾਂ ਨੇ ਤੁਹਾਨੂੰ ਇਸ ਮੁਕਾਮ ਤੱਕ ਪਹੁੰਚ-ਾਇਆ?

- ਮੇਰਾ ਹਰ ਫੈਸਲਾ, ਚਾਹੇ ਉਹ ਗਲਤ ਰਿਹਾ ਜਾਂ ਸਹੀ, ਉਸ ਨੇ ਮੈਨੂੰ ਇਥੋਂ ਤੱਕ ਪਹੁੰਚਣ ਵਿੱਚ ਮਦਦ ਕੀਤੀ। ਖਾਸ ਕਰ ਕੇ ਨਿੱਜੀ ਜ਼ਿੰਦਗੀ ਦੇ ਫੈਸਲਿਆਂ ਨੇ ਮੈਨੂੰ ਹਮੇਸ਼ਾ ਖੁਸ਼ੀ ਦਿੱਤੀ। ਮੈਂ ਜਿਸ ਤਰ੍ਹਾਂ ਦੇ ਕਿਰਦਾਰ ਕਰ ਰਹੀ ਹਾਂ, ਜਿਨ੍ਹਾਂ ਲੋਕਾਂ ਦੇ ਨਾਲ ਕੰਮ ਕਰ ਰਹੀ ਹਾਂ, ਉਨ੍ਹਾਂ ਤੋਂ ਬੜੇ ਵੱਡੇ ਅਨੁਭਵ ਅਤੇ ਨਤੀਜੇ ਮਿਲ ਰਹੇ ਹਨ। ਅੱਜ ਦੀ ਜਨਰੇਸ਼ਨ ਦੇ ਸਟਾਰਸ ਤੋਂ ਕਾਫੀ ਕੁਝ ਸਿੱਖ ਰਹੀ ਹਾਂ।

* ਕੀ ਤੁਸੀਂ ਲੋਕ ਸਭਾ ਚੋਣਾਂ ਲੜੋਗੇ?

- ਇਸ ਬਾਰੇ ਮੈਂ ਪਹਿਲਾਂ ਹੀ ਨਾਂਹ ਕਹਿ ਚੁੱਕੀ ਹਾਂ। ਸਿਆਸਤ 'ਚ ਮੇਰੀ ਕੋਈ ਦਿਲਚਸਪੀ ਨਹੀਂ। ਜੇ ਤੁਸੀਂ ਸਿਆਸਤ 'ਚ ਉਤਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਇਸ ਵਿੱਚ ਮਜ਼ਾ ਆਉਣਾ ਚਾਹੀਦਾ ਹੈ। ਨਾਲ ਹੀ ਤੁਹਾਨੂੰ ਸਿਆਸਤ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਜਿਹੜੇ ਅਭਿਨੇਤਾ ਸਿਆ-ਸਤ 'ਚ ਉਤਰੇ ਹਨ, ਉਨ੍ਹਾਂ ਲਈ ਇਹ ਚੰਗੀ ਗੱਲ ਹੈ। ਉਨ੍ਹਾਂ ਨੂੰ ਸਿਆਸਤ ਦੀ ਜਾਣਕਾਰੀ ਜ਼ਰੂਰ ਹੋਵੇਗੀ।


* ਕਿਹਾ ਜਾਂਦਾ ਹੈ ਕਿ ਫਿਲਮ 'ਕਲੰਕ' ਵਿੱਚ ਇਹ ਕਿਰਦਾਰ ਪਹਿਲਾਂ ਸ਼੍ਰੀਦੇਵੀ ਕਰਨ ਵਾਲੀ ਸੀ, ਉਨ੍ਹਾਂ ਦੀ ਮੌਤ ਨੇ ਇਹ ਕਿਰਦਾਰ ਤੁਹਾਡੀ ਝੋਲੀ 'ਚ ਪਾ ਦਿੱਤਾ।

- ਜੀ ਹਾਂ, ਪਹਿਲਾਂ ਇਹ ਕਿਰਦਾਰ ਉਹੀ ਕਰਨ ਵਾਲੀ ਸੀ, ਪਰ ਉਨ੍ਹਾਂ ਦੀ ਅਚਾਨਕ ਮੌਤ ਨੇ ਇਹ ਰੋਲ ਮੇਰੀ ਝੋਲੀ 'ਚ ਪਾ ਦਿੱਤਾ। ਉਂਝ ਬਹੁਤ ਵਧੀਆ ਹੁੰਦਾ, ਜੇ ਇਹ ਕਿਰਦਾਰ ਉਹੀ ਨਿਭਾਉਂਦੀ।



# 'ਮਰਦਾਨੀ 2' ਵਿੱਚ ਪੁਲਸ ਵਰਦੀ ਵਿੱਚ ਦਿਸੇਗੀ ਰਾਣੀ ਮੁਖਰਜੀ

ਸਾਲ 2014 ਵਿੱਚ ਰਿਲੀਜ਼ ਫਿਲਮ 'ਮਰਦਾਨੀ' ਵਿੱਚ ਰਾਣੀ ਮੁਖਰਜੀ ਨੇ ਸਾਹਸੀ ਪੁਲਸ ਅਧਿਕਾਰੀ ਸ਼ਿਵਾਨੀ ਸ਼ਿਵਾਜੀ ਰਾਓ ਦਾ ਕਿਰਦਾਰ ਕੀਤਾ ਸੀ। ਉਸ ਵਿੱਚ ਉਸ ਨੇ ਬੱਚਿਆਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਸੀ। ਉਹ ਫਿਲਮ ਦੀ ਸੀਕਵਲ 'ਮਰਦਾਨੀ 2' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਸੀਕਵਲ ਵਿੱਚ ਉਹ ਪੁਲਸ ਕਮਿਸ਼ਨਰ ਦੇ ਕਿਰਦਾਰ ਵਿੱਚ ਨਜ਼ਰ ਆਏਗੀ, ਜੋ 21 ਸਾਲ ਦੇ ਸ਼ਾਤਿਰ ਤੇ ਜ਼ਾਲਮ ਖਲਨਾਇਕ ਨਾਲ ਲੋਹਾ ਲੈਂਦੀ ਦਿਖਾਈ ਦੇਵੇਗੀ। ਫਿਲਮ ਵਿੱਚ ਰਾਣੀ ਪੁਲਸ ਦੀ ਵਰਦੀ ਵਿੱਚ ਹੋਵੇਗੀ। ਵਰਦੀ ਦੀਆਂ ਤਸਵੀਰਾਂ ਵਿੱਚ ਰਾਣੀ ਸਾਹਸੀ ਅਤੇ ਨਿਡਰ ਦਿਸਦੀ ਹੈ, ਜੋ ਬੇਹੱਦ ਚਲਾਕ ਅਤੇ ਸ਼ਾਤਿਰ ਖਲਨਾਇਕ ਨਾਲ ਨਿਪਟਣ ਲਈ ਇੱਕ ਜਾਂਚ ਦੀ ਤਿਆਰੀ ਕਰ ਰਹੀ ਹੈ।
ਫਿਲਮ ਵਿੱਚ ਖਲਨਾਇਕ ਦਾ ਕਿਰਦਾਰ ਕਰਨ ਵਾਲੇ ਕਲਾਕਾਰ ਦਾ ਨਾਂਅ ਜਨਤਕ ਨਹੀਂ ਕੀਤਾ ਗਿਆ ਹੈ। ਫਿਲਮੀ ਗਲਿਆਰਿਆਂ ਦੀਆਂ ਖਬਰਾਂ ਮੁਤਾਬਕ ਉਹ ਥੀਏਟਰ ਕਲਾਕਾਰ ਹੋ ਸਕਦੇ ਹਨ। ਹਾਲੇ ਆਦਿੱਤਯ ਚੋਪੜਾ ਦੇ ਨਿਰਮਾਣ ਵਾਲੀ ਫਿਲਮ 'ਹਿਚਕੀ' ਦੇ ਬਾਅਦ ਰਾਣੀ ਦੀ ਅਗਲੀ ਰਿਲੀਜ਼ ਹੋਵੇਗੀ। 'ਮਰਦਾਨੀ 2' ਦਾ ਨਿਰਦੇਸ਼ਨ ਗੋਪੀ ਪ੍ਰਿਥਰਣ ਕਰ ਰਹੇ ਹਨ। ਉਨ੍ਹਾਂ ਨੇ ਮੂਲ ਫਿਲਮ ਦੀ ਕਹਾਣੀ ਲਿਖੀ ਸੀ। ਡਾਇਰੈਕਟਰ ਵਜੋਂ ਇਹ ਗੋਪੀ ਦੀ ਪਹਿਲੀ ਫਿਲਮ ਹੈ।



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.
FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।
FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com




NEW

NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges anywhere.

chatr™ AUTHORIZED DEALER

379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

